ਫਰਵਰੀ-ਅਪ੍ਰੈਲ 2002

# ਅੰਮ੍ਰਿਤ ਕੀਰਤਨ

# Amrit Kirtan



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

ਗੁਰਮਤਿ ਸੰਗੀਤ ਸਬੰਧੀ ਮਾਸਿਕ ਪੱਤਰ

ਅੰਕ 2-4 • ਸਾਲ ਚੌਦਵਾਂ • ਫਰਵਰੀ-ਅਪ੍ਰੈਲ 2002



ਸੰਪਾਦਕ (ਆਨਰੇਰੀ)
ਡਾ. ਜਾਗੀਰ ਸਿੰਘ
ਐਮ. ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ.

ਸਹਾਇਕ ਸੰਪਾਦਕ (ਆਨਰੇਰੀ)
ਡਾ. ਗੁਰਮੀਤ ਸਿੰਘ ਬੈਦਵਾਣ
ਐਮ.ਏ., ਪੀ.ਐਚ.ਡੀ.

ਸਹਿਯੋਗੀ
ਸ. ਹਰਭਜਨ ਸਿੰਘ
ਸ. ਉੱਤਮ ਸਿੰਘ



| | | |
|---|---|---|
| ਮਿਤ੍ਰ ਅਸਾਡੜੇ ਸੇਈ | 2 | ਪਾਠਕਾਂ ਦੇ ਪੱਤਰ |
| ਕਰਉ ਬੇਨੰਤੀਆ | 9 | ਸੰਪਾਦਕੀ |
| ਜੋਗੁ ਬਨਿਆ ਤੇਰਾ ਕੀਰਤਨ ਗਾਈ... | 11 | ਕਰਤਾਰ ਸਿੰਘ ਨੀਲਧਾਰੀ |
| ਨਾਮ ਬਿਨਾ ਨਹੀ ਜੀਵਿਆ ਜਾਇ... | 17 | ਰਮੇਸ਼ ਸਿੰਘ |
| ਸਤਿਕਾਰ ਯੋਗ ਹਨ, ਸਭ ਧਰਮ ਗ੍ਰੰਥ | 19 | ਸੋਹਣ ਸਿੰਘ |
| ਕੀਰਤਨ ਸਿਖਲਾਈ | 25 | ਉੱਤਮ ਸਿੰਘ |
| ਸਾਡਾ ਵਿਰਸਾ | 30 | ਪ੍ਰੋ. ਨਰਿੰਦਰ ਸਿੰਘ |
| ਸੁਰ ਲਿਪੀ | 33 | ਪ੍ਰੋ. ਪਰਮਜੋਤ ਸਿੰਘ ਤੇ ਉੱਤਮ ਸਿੰਘ |
| ਸੁਰ ਲਿਪੀ ਵਾਲੇ ਸ਼ਬਦਾਂ ਦੇ ਅਰਥ | 35 | ਮਨਮੋਹਨ ਸਿੰਘ |



• ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ।
ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

• 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90 ਮਿਤੀ 20/2/91
ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਨਿਤ ਹੈ।

• Donations are eligible for relief u/s 80 G of Income-Tax Act, 1961
vide CIT/ CHD/ 126/ 80-G/ Tech./ 3861 dated 30/8/2001 valid upto 31/3/2002



**ਚੰਦੇ ਦਾ ਵੇਰਵਾ :**

• ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ., ਜੀਵਨ ਮੈਂਬਰ (15 ਸਾਲ) 1500 ਰੁ.

• ਵਿਦੇਸ਼: ਸਲਾਨਾ 30 $. ਜੀਵਨ ਮੈਂਬਰ (30 ਸਾਲ) 300 $

• 'ਅੰਮ੍ਰਿਤ ਕੀਰਤਨ' ਲਈ ਡਰਾਫਟ
'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।



ਚਿੱਠੀ ਪੱਤਰ ਲਈ ਪਤਾ :
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/1, ਸੈਕਟਰ 22-ਬੀ, ਚੰਡੀਗੜ੍ਹ 160 022
ਫੋਨ : 0172-701396, 713915

ਰਚਨਾਵਾਂ ਭੇਜਣ ਲਈ ਪਤਾ :
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-772660

e-mail: drjagirsingh@rediffmail.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ
ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼,
ਐੱਸ.ਸੀ.ਐੱਫ. 107, ਫੇਜ਼ -7, ਮੋਹਾਲੀ ਤੋਂ ਛਪਵਾ ਕੇ
422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।



COMPUTER TYPE SETTING
*sohal specials*
Designers & Printers
Ph: 391443 Pg: 9610408677

# ਮਿਤ੍ਰ ਅਸਾਡੜੇ ਸੇਈ

*ਧਨਾਸਰੀ ਮਹਲਾ ੫॥*
*ਚਤੁਰ ਦਿਸਾ ਕੀਨੋ ਬਲੁ ਅਪਨਾ ਸਿਰ ਊਪਰਿ ਕਰੁ ਧਾਰਿਓ॥*
*ਕ੍ਰਿਪਾ ਕਟਾਖ ਅਵਲੋਕਨੁ ਕੀਨੋ ਦਾਸ ਕਾ ਦੂਖੁ ਬਿਦਾਰਿਓ॥* ਪੰਨਾ 681

♦ ਸਤਿਗੁਰੂ ਅੱਗੇ ਆਪ ਜੀ ਦੀ ਸਿਹਤ, ਲੰਮੀ ਉਮਰ ਅਤੇ ਚੜ੍ਹਦੀ ਕਲਾ ਲਈ ਅਰਦਾਸ ਕਰਦਾ ਹਾਂ।

- *ਤੇਜ਼ਪਾਲ ਸਿੰਘ,* Naati Accredited Translator No. 25253, I Myrtle Grove Bella Vista NSW 2153, Australia

♦ ਮੈਂ ਜਨਵਰੀ ਦੀ ਮੈਗਜ਼ੀਨ ਨੂੰ ਇੱਕ ਇੱਕ ਸਫੇ ਦਾ ਅਧਿਐਨ ਕਰਦੇ ਕਰਦੇ ਜਦੋਂ ਪੰਨਾ ਨੰਬਰ 5 ਤੇ ਪੜ੍ਹਿਆ ਤੇ 'ਕਰਉ ਬੇਨੰਤੀਆ' ਕਾਲਮ ਤੇ ਡਾਕਟਰ ਸਾਹਿਬ ਦੇ ਦਸਤਖਤ ਨਾ ਵੇਖਕੇ ਬਹੁਤ ਹੀ ਅਚੰਭਾ ਹੋਇਆ ਪਰ ਜਦੋਂ ਪੜ੍ਹਿਆ ਤੇ ਮਨ ਬਹੁਤ ਹੀ ਦੁਖੀ ਹੋਇਆ ਤੇ ਚਿੰਤਤ ਵੀ ਹੋਇਆ। ਆਪ ਜੀ ਨਾਲ ਵਾਪਰੇ ਹਾਦਸੇ ਬਾਰੇ ਜਾਣਨਾ ਚਾਹੁੰਦਾ ਹਾਂ ਜੀ, ਹੁਣ ਪਤਾ ਦਿਉ ਕੀ ਹਾਲ ਹੈ? ਅਸੀਂ ਸਾਰਾ ਪਰਿਵਾਰ ਆਪ ਜੀ ਦੀ ਤੰਦਰੁਸਤੀ ਲਈ ਅਕਾਲ ਪੁਰਖ ਪਾਸ ਹਰ ਵੇਲੇ ਅਰਦਾਸ ਕਰਦੇ ਹਾਂ ਜੀ। ਪੰਥ ਨੂੰ ਆਪ ਜੀ ਦੀ ਬਹੁਤ ਲੋੜ ਹੈ। ਪ੍ਰਭੂ ਨੇ ਆਪ ਜੀ ਤੋਂ ਹਾਲੀ ਸੇਵਾ ਲੈਣੀ ਹੈ। ਸਾਡੇ ਵਰਗੇ ਲੋੜਵੰਦਾਂ ਨੂੰ ਸ਼ਬਦ ਪ੍ਰਸ਼ਾਦ ਵੱਡਣਾ ਹੈ। ਇਸ ਲਈ ਵਾਹਿਗੁਰੂ ਨੇ ਆਪ ਜੀ ਨੂੰ ਹਾਜ਼ਰ ਨਾਜ਼ਰ ਹੋਕੇ ਹੀ ਰੱਖਿਆ ਕੀਤੀ ਹੈ। ਜੀਵਨ ਚੋਂ ਆਏ ਸੰਕਟ ਨੂੰ ਟਾਲ ਦਿੱਤਾ ਹੈ। ਅਕਾਲ ਪੁਰਖ ਨੇ ਆਪ ਜੀ ਨੂੰ 'ਅੰਮ੍ਰਿਤ ਕੀਰਤਨ' ਰਾਹੀਂ ਹੋਰ ਸਮੂਹ ਸੰਗਤਾਂ ਨੂੰ ਤਾਰਨਾ ਹੈ। ਮੈਂ ਦਿਲੋਂ ਉਸ ਅਕਾਲ ਪੁਰਖ ਦਾ ਸ਼ੁਕਰਗੁਜਾਰ ਹਾਂ। ਜਿਨ੍ਹਾਂ ਨੇ ਗੁਰਮਤਿ ਤੇ ਪੰਥ ਪ੍ਰਚਾਰਕਾਂ ਦੀ ਰੱਖਿਆ ਕਰਦਾ ਹੈ। ਹੁਣ ਛੇਤੀ ਪਤਾ ਦਿਉ ਕੇ ਸੇਹਤ ਕਿਵੇਂ ਹੈ।

ਬੇਨਤੀ ਇਹ ਹੈ ਕਿ ਇਸ ਮਹੀਨੇ ਦਾ 'ਅੰਮ੍ਰਿਤ ਕੀਤਰਨ' ਮੈਗਜ਼ੀਨ ਮਿਲਿਆ। ਬੇਅੰਤ ਖੁਸ਼ੀ ਹੋਈ ਜਦੋਂ ਮੈਂ ਅੰਕ ਨੰਬਰ 24 ਤੇ ਭਾਈ ਉੱਤਮ ਸਿੰਘ ਜੀ ਦੁਆਰਾ ਕੀਰਤਨ ਸਿਖਲਾਈ ਵਾਲਾ ਕਾਲਮ ਪੜ੍ਹਿਆ ਤੇ ਮੇਰੀ ਦੋ ਸਾਲਾ ਪਹਿਲੀ ਮੰਗ ਪੂਰੀ ਹੋਈ। ਜੋ ਮੰਗ ਮੈਂ ਡਾ. ਸਾਹਿਬ ਤੋਂ ਪਹਿਲੀ ਚਿੱਠੀ 'ਚੋਂ ਕੀਤੀ ਸੀ। ਹੁਣ ਸੁਪਨਾ ਅਸਲੀਅਤ ਵਿੱਚ ਬਦਲ ਗਿਆ ਜਾਪਦਾ ਹੈ ਅਸੀਂ ਇਸ ਕਾਲਮ ਦਾ ਬੜੀ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਹਾਂ। ਹੁਣ 'ਅੰਮ੍ਰਿਤ ਕੀਤਰਨ' ਦੇ ਸੁਵਾਦ 'ਚੋਂ ਕੁਝ ਵੱਖਰਾ ਮਜ਼ਾ ਆਵੇਗਾ। ਅਸੀਂ ਤਾਂ ਚੱਖਾਂਗੇ ਮੈਂ ਤਹਿ ਦਿਲੋਂ ਆਪ ਜੀ ਦਾ ਬਹੁਤ ਹੀ ਧੰਨਵਾਦੀ ਹਾਂ। ਜੋ ਇਹ ਉਪਰਾਲਾ ਕੀਤਾ ਹੈ। ਹਾਲਾਂਕਿ ਮੇਰੇ ਕੋਲ ਡਿਊਟੀ ਮਗਰੋਂ ਕੁਝ ਵੀ ਸਮਾਂ ਨਹੀਂ ਮਿਲਦਾ ਪਰ ਜਦੋਂ ਸਮਾਂ ਮਿਲ ਜਾਏ ਮੈਂ ਸਾਰਾ ਸਮਾਂ ਕੀਰਤਨ ਵਿੱਚ ਹੀ ਖਰਚ ਕਰਦਾ ਹਾਂ। ਹੋਰ ਸਾਰੇ ਲੇਖ ਵੀ ਮਨ ਵਿੱਚ ਉਤਰਣ ਵਾਲੇ ਹਨ। ਵਿਦਿਆਰਥੀ ਕੀਤਰਨ ਦਰਬਾਰ ਦੀਆਂ ਝਲਕੀਆਂ ਦੇਖਕੇ ਖੁਸ਼ੀ ਹੋਈ। ਮਨ ਕੀਤਾ ਕਿ ਉੱਥੇ ਪੁੱਜ ਜਾਵਾਂ। ਪਰ ਪ੍ਰਦੇਸ਼ੀ ਤੇ ਪ੍ਰਦੇਸ਼ੀ ਹੁੰਦਾ ਹੈ।

- *ਸਤਵਿੰਦਰ ਸਿੰਘ,* ਇਲੈਕਟ੍ਰਿਕ ਡਿਪਾਰਟਮੇਂਟ ਮਲਾਜਖੰਡ, ਜਿਲ੍ਹਾ ਬਾਲਾਘਾਟ (ਐਮ ਪੀ)

♦ ਪਿਛਲੇ ਦਿਨੀਂ ਅਖ਼ਬਾਰ ਵਿਚ ਆਪਦੇ ਭਿਆਨਕ ਸੜਕ ਹਾਦਸੇ ਵਿੱਚ ਜ਼ਖਮੀ ਹੋਣ ਦੀ ਦੁਖਦਾਈ ਖ਼ਬਰ ਪੜ੍ਹੀ, ਪੜ੍ਹ ਕੇ ਬ੍ਹਹੁਤ ਦੁਖ ਹੋਇਆ ਹੈ। ਮੈਂ ਉਸ ਅਕਾਲਪੁਰਖ ਅੱਗੇ ਅਰਦਾਸ ਕਰਦਾ ਹਾਂ ਕਿ ਤੁਹਾਨੂੰ ਛੇਤੀ ਹੀ ਤੰਦਰੁਸਤੀ ਪ੍ਰਦਾਨ ਕਰੇ ਤੇ ਤੁਸੀਂ ਸਿਹਤਯਾਬ ਹੋ ਕੇ ਮੁੜ ਤੋਂ ਗੁਰਮਤਿ ਦੀ ਸੇਵਾ ਕਰ ਸਕੋ।

- *ਪ੍ਰੋ. ਨਵ ਸੰਗੀਤ ਸਿੰਘ,* 5156, ਅਰਬਨ ਅਸਟੇਟ 2, ਪਟਿਆਲਾ 147 002

♦ ਜਨਵਰੀ 2002 ਦਾ 'ਅੰਮ੍ਰਿਤ ਕੀਰਤਨ' ਮਿਲਦਿਆਂ ਹੀ ਇਹ ਖ਼ਬਰ ਉਦਾਸ ਕਰ ਗਈ ਕਿ ਜਨਾਬ ਇੱਕ ਸੜਕ ਹਾਦਸੇ ਵਿਚ ਸਖਤ ਜ਼ਖਮੀ ਹੋ ਗਏ ਹਨ। ਵਾਹਿਗੁਰੂ ਅੱਗੇ ਅਰਦਾਸ ਹੈ ਕਿ ਤੁਸੀਂ ਜਲਦੀ ਤੋਂ ਜਲਦੀ ਤੰਦਰੁਸਤ ਹੋ ਕੇ ਸੰਗਤਾਂ ਵਿੱਚ ਗੁਰੂ ਦੇ ਸ਼ਬਦਾਂ ਅਤੇ ਆਪਣੀ ਕਲਮ ਰਾਹੀਂ ਸਰਸ਼ਾਰ ਕਰੋ। ਵਾਹਿਗੁਰੂ ਦਾ ਕੋਟ ਕੋਟ ਧੰਨਵਾਦ ਹੈ ਕਿ ਤੁਹਾਨੂੰ ਉਸ ਨੇ ਮਿਹਰ ਭਰਿਆ ਹੱਥ ਰੱਖ ਕੇ ਬਚਾ ਲਿਆ ਹੈ। ਇਹ ਵੀ ਜ਼ਿੰਦਗੀ ਦੇ ਵੱਖ ਵੱਖ ਫੇਜ਼ ਹਨ ਜਿਨ੍ਹਾਂ ਰਾਹੀਂ ਅਕਾਲਪੁਰਖ ਆਪਣੇ ਸੇਵਕਾਂ ਨੂੰ ਗੁਜ਼ਾਰਦਾ ਰਹਿੰਦਾ ਹੈ।

- *ਡਾ. ਜਸਵੀਰ ਸਿੰਘ,* ਨਵਾਂ ਸੁਪਰ ਬਜਾਰ, ਬਾਰਾਮੁਲਾ 193 101 (ਕਸ਼ਮੀਰ)

♦ ਆਪ ਜੀ ਦੇ ਐਕਸੀਡੈਂਟ ਨਾਲ ਜ਼ਖਮੀ ਹੋਣ ਦੀ ਖਬਰ 'ਅੰਮ੍ਰਿਤ ਕੀਰਤਨ' ਵਿੱਚੋਂ ਪੜ੍ਹੀ ਤਾਂ ਦਿਲ ਬਹੁਤ ਦੁਖੀ ਹੋਇਆ। ਵਾਹਿਗੁਰੂ ਅੱਗੇ ਮੇਰੀ ਦੋਵੇਂ ਹੱਥ ਜੋੜ ਕਰ ਬੇਨਤੀ ਹੈ ਆਪ ਜੀ ਨੂੰ ਜਲਦੀ ਜਲਦੀ ਆਰਾਮ ਦੇਵੇ, ਤੇ ਆਪ ਜੀ ਫਿਰ ਤੰਦਰੁਸਤ ਹੋਕੇ ਕੀਰਤਨ ਦੀ ਸੇਵਾ ਤੇ 'ਅੰਮ੍ਰਿਤ ਕੀਰਤਨ' ਵਿੱਚ ਸੋਹਣ ਸੋਹਣੇ ਲੇਖ ਛਾਪਦੇ ਰਹੋ। ਵਾਹਿਗੁਰੂ ਤੁਹਾਡੀ ਉਮਰ ਲੰਮੀ ਕਰੇ ਤਾਂ ਜੋ ਆਪ ਪੱਥ ਦੀ ਸੇਵਾ ਵਧ ਚੜ੍ਹ ਕੇ ਕਰ ਸਕੋ ਜੀ।

- ***ਮਹਿੰਦਰ ਸਿੰਘ ਨਿਰਮਾਣ,*** 3/12 ਦਾਸਬਾਣੀ ਅਪਾਟਮਿੰਟਸ, ਪੂਨਾ 1

♦ ਉਸ ਅਕਾਲ ਪੁਰਖ ਮੇਹਰਵਾਨ ਪਿਤਾ ਜੀ ਦਾ ਕੋਟਾਨ ਕੋਟਿ ਕੋਟਿ ਸ਼ੁਕਰ ਹੈ, ਜਿਸਨੇ ਆਪਣਾ ਮੇਹਰਾਂ ਦਾ ਭਰਿਆ ਹੋਇਆ, ਤਰਸਵਾਨ ਹੱਥ ਦੇ ਕੇ ਆਪ ਜੀ ਨੂੰ ਰਖ ਲਿਆ ਹੈ। ਜੀਵਨ ਬਖਸ਼ਿਆ ਹੈ।

ਸਾਡੇ ਸਭ ਵਾਸਤੇ ਗੁਰਮਤਿ ਦੀ, ਕੀਰਤਨ ਦੀ ਦਾਤ ਬਖਸ਼ਣ ਵਾਲੇ ਇਕ ਤਰ੍ਹਾਂ ਦੇ ਚਾਨਣ ਮੁਨਾਰ ਹੋ।

ਬੱਚੀ ਨਾਲ ਗੱਲ ਕਰਕੇ ਅੱਛੀ Prograss ਸੁਣਕੇ ਕਲ ਕੁਲਵੰਤ ਜੀ ਨਾਲ ਗੱਲ ਕਰਕੇ ਤਸੱਲੀ ਬਖਸ਼ ਜੁਵਾਬ ਸੁਣਕੇ, ਉਸ ਦਾਤਾਰ ਪਿਤਾ ਜੀ ਦਾ ਧੰਨਵਾਦ ਹੀ ਕਰਨੇ ਹਾਂ। ਸਤਿਗੁਰੂ ਜੀ ਅੱਗੋਂ ਵੀ ਮੇਹਰ ਕਰਨ ਇਹ ਤਕਲੀਫ ਦਾ ਵਕਤ ਆਪ ਹੀ ਕਟਾਣ।

ਜਦੋਂ ਖੈਰ ਖੈਰੀਅਤ ਨਾਲ ਸਤਿਗੁਰੂ ਜੀ ਆਪ ਅੰਗ ਸੰਗ ਹੋਣ ਘਰ ਆਵੋਗੇ ਤਾਂ ਹੀ ਦਰਸ਼ਨ ਕਰਨ ਆਵਾਂਗੇ। ਸੂਰੀ ਸਾਹਿਬ ਦੂਸਰੇ ਦਿਨ ਹੀ ਜਾਣ ਨੂੰ ਤਿਆਰ ਹੋ ਗਏ ਪਰ ਮੈਂ ਅਰਸ਼ੀ ਬੇਟੀ ਨਾਲ ਗੱਲ ਕਰਕੇ ਦੱਸਿਆ ਕਿ ਅਜੇ ਕੋਈ ਵੀ allowed ਨਹੀਂ। ਸੋ ਇਸ ਕਰਕੇ ਨਹੀਂ ਜਾਣ ਦਿੱਤਾ। ਬੱਚਿਆਂ ਵਲੋਂ Best wishes for the quick recovery ਪ੍ਰਵਾਨ ਕਰਨੀਆਂ। ਕੋਈ ਸੇਵਾ ਸਾਡੇ ਲਾਇਕ ਹੋਵੇ ਕ੍ਰਿਪਾ ਕਰਕੇ ਹੁਕਮ ਕਰਨਾ।

- ***ਸੂਰੀ ਪਰਿਵਾਰ,*** 1021 ਸੈਕਟਰ 36-ਸੀ, ਚੰਡੀਗੜ੍ਹ

♦ ਵੀਰ ਜੀ ਪਿਆਰੇ ਗਰੇਵਾਲ ਜੀ ਤੋਂ ਪਤਾ ਲੱਗਾ ਆਪ ਜੀ ਦੇ ਐਕਸੀਡੈਂਟ ਬਾਰੇ। ਉਸੇ ਵੇਲੇ ਟੈਲੀਫੋਨ ਕੀਤਾ। ਪਿਆਰੀ ਬਿਟੀਆ ਮਿਲੀ। ਜਿਸ ਤੋਂ ਸਾਰਾ ਕੁਝ ਪਤਾ ਲੱਗਾ। ਬਹੁਤ ਚਿੰਤਾ ਹੋ ਰਹੀ ਹੈ। ਵਾਹਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਹੈ ਉਹ ਆਪ ਜੀ ਨੂੰ ਜਲਦੀ ਅਰਾਮ ਬਖਸ਼ਣ ਤੇ ਸੋਹਣੀ ਸੇਹਤ ਬਖਸ਼ਣ। ਨੌ ਦਿਨ ਹੋਏ ਫਿਰ ਟੈਲੀਫੋਨ ਕੀਤਾ ਸੀ। ਫੋਨ ਵਾਲਿਆ ਮੈਸਜ ਛੱਡਣ ਲਈ ਕਿਹਾ ਸੋ ਛਡ ਦਿੱਤਾ ਸੀ। ਮਿਲ ਗਿਆ ਹੋਵੇਗਾ। ਵਾਹਿਗੁਰੂ ਜੀ ਦਾ ਧੰਨਵਾਦ ਹੈ ਜਿਨਾਂ ਇੰਨੇ ਵੱਡੇ ਕਸ਼ਟ ਤੋਂ ਰੱਖਿਆ ਕੀਤੀ। ਆਪ ਜੀ ਤਾਂ ਗੁਰੂ ਪਿਆਰੇ ਹੋ ਤੇ ਆਪ ਦੀ ਛੋਹ ਦੇ ਪਾਤਰ। ਸਭ ਵਾਹਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਕਰਦੇ ਹਾਂ ਆਪ ਜੀ ਦੀ ਜਲਦੀ ਰਿਕਵਰੀ ਲਈ ਤੇ ਸੋਹਣੀ ਸੇਹਤ ਤੇ ਲੰਮੀ ਉਮਰ ਲਈ।

***ਸਤਿਗੁਰ ਮੇਰਾ ਸਦਾ ਦਿਆਲਾ ਮੋਹਿ ਦੀਨ ਕਉ ਰਾਖ ਲੀਆ॥***

***ਹਾਥ ਦੇ ਰਾਖੇ ਕਰ ਆਪਣੇ...***

ਅਟਲ ਸਚਾਈ ਹੈ।

- ***ਨਰਿੰਦਰਪਾਲ ਸਿੰਘ,*** KGI/21, Vikaspuri, New Delhi 110 018

♦ 'ਅੰਮ੍ਰਿਤ ਕੀਰਤਨ' ਜਨਵਰੀ ਦੇ ਅੰਕ ਵਿਚ ਡਾ. ਜਗੀਰ ਸਿੰਘ ਹੁਰਾਂ ਦੇ ਐਕਸੀਡੈਂਟ ਦੀ ਖਬਰ ਮਿਲੀ। ਪ੍ਰਭੂ ਦਾ ਭਾਣਾ ਕਿਸ ਵੇਲੇ ਕਿਸ ਤਰ੍ਹਾਂ ਵਰਤੇਗਾ ਇਸਦਾ ਅੰਦਾਜ ਅਸੀਂ ਕਦੇ ਵੀ ਨਹੀਂ ਲਾ ਸਕਦੇ। ਸਤਿਗੁਰਾਂ ਅੱਗੇ ਅਰਦਾਸ ਹੈ ਕਿ ਡਾ. ਸਾਹਿਬ ਦੇ ਪਰਿਵਾਰ ਨੂੰ ਇਸ ਮੌਕੇ ਤੇ ਭਾਣਾ ਮੰਨਣ ਦੀ ਸ਼ਕਤੀ ਪ੍ਰਦਾਨ ਕਰੇ ਤੇ ਡਾ. ਸਾਹਿਬ ਜਲਦ ਹੀ ਪੂਰੀ ਤਰ੍ਹਾਂ ਠੀਕ ਹੋ ਕੇ ਪੰਥ ਦੀ ਸੇਵਾ ਵਿਚ ਪਹਿਲਾਂ ਨਾਲੋਂ ਵੀ ਵਧ ਉਤਸ਼ਾਹ ਚਾਅ ਤੇ ਜੋਰ ਨਾਲ ਜੁੜ ਜਾਣ।

- ***Ramesh Singh,*** C-131, Sonari West, Jamshedpur 831 011

♦ ਦਾਸ ਆਪ ਦਾ ਧੰਨਵਾਦੀ ਹੋਵੇਗਾ ਜੇਕਰ ਦਾਸ ਨੂੰ 'ਅੰਮ੍ਰਿਤ ਕੀਰਤਨ' ਦਾ ਰਿਸਾਲਾ ਭੇਜੋਗੇ। ਜੇਕਰ ਹੋ ਸਕਿਆ ਤਿਲ ਫੁਲ ਭੇਜਾਂਗਾ ਨਹੀਂ ਤੇ ਖਿਮਾ ਬਖਸ਼ਣੀ॥ ਦਾਸ ਨੂੰ ਕੋਈ ਆਮਦਨ ਜਾਂ ਪੈਨਸ਼ਨ ਨਹੀਂ ਲੱਗੀ। 67 ਸਾਲ ਦੀ ਉਮਰ ਹੋ ਚੁੱਕੀ ਹੈ।

- ***Amarjit Singh Taj,*** Via Giacomo Puccini, 129 06077 Ponte Felcino (Perugia) ITALY

♦ ਆਪ ਹਰ ਸਾਲ ਨਵੇਂ ਸਾਲ ਵਿਚ ਦਰਬਾਰ ਸਾਹਿਬ ਤੋਂ ਆਏ ਵਾਕ ਚਿੱਠੀ ਰਾਹੀਂ ਛਾਪ ਕੇ ਨਵੇਂ ਸਾਲ ਦੀ ਮੁਬਾਰਕ ਦਿੰਦੇ ਸੀ। ਲੇਕਿਨ ਇਸ ਸਾਲ ਜਨਵਰੀ ਦੀ ਪਤ੍ਰਿਕਾ ਵਿਚ ਆਪ ਜੀ ਦੇ ਬਾਰੇ ਪੜ੍ਹ ਕੇ ਮਨ ਨੂੰ ਬਹੁਤ ਦੁਖ ਹੋਇਆ ਹੈ। ਪਤ੍ਰਿਕਾ ਵਿਚ ਹਾਦਸੇ ਬਾਰੇ ਕੇਵਲ ਏਨਾ ਲਿਖਿਆ ਹੈ ਕਿ ਆਪ ਜੀ ਸਖਤ ਜ਼ਖਮੀ ਹੋਏ ਹੋ। ਗੁਰੂ ਨੇ ਆਪ ਜੀ ਨੂੰ ਰਖ ਲਿਆ ਹੈ।

ਹੇ ਅਕਾਲ ਪੁਰਖ ਵਾਹਿਗੁਰੂ ਜੀ। ਡਾ. ਸਾਹਿਬ ਨੂੰ ਜੋ ਵੀ ਤਕਲੀਫ ਆਈ ਹੈ ਆਪ ਜੀ ਦੇ ਹੁਕਮ ਵਿਚ ਆਈ ਹੈ। ਹੁਣ ਆਪ ਆਪਣੇ ਹੁਕਮ ਵਿਚ ਛੇਤੀ ਤੋਂ ਛੇਤੀ ਡਾ. ਸਾਹਿਬ ਨੂੰ ਦੇਹ ਅਰੋਗਤਾ ਬਖਸ਼ੋ।

ਵਾਹਿਗੁਰੂ ਜੀ ਡਾ. ਸਾਹਿਬ ਜੀ ਦੇ ਸਾਰੇ ਪਰਿਵਾਰ ਤੇ ਆਪਣਾ ਮਿਹਰ ਭਰਿਆ ਹਥ ਰੱਖੀ ਰੱਖਣਾ, ਦੇਹ ਅਰੋਗਤਾ ਬਖਸ਼ਿਸ਼ ਕਰਨੀ, ਚੜ੍ਹਦੀ ਕਲਾ ਵਿਚ ਰੱਖਣਾ। 'ਨਮੋ ਰੋਗ ਹਰਤਾ'

– *ਆਵਤ ਸਿੰਘ*, 11/2 ਪੁਰਾਣਾ ਰਾਜਿੰਦਰ ਨਗਰ, ਨਵੀਂ ਦਿੱਲੀ

♦ ਜਨਵਰੀ ਅੰਕ ਵਿੱਚ ਡਾ ਜਗੀਰ ਸਿੰਘ ਜੀ ਦੇ ਐਕਸੀਡੈਂਟ ਦਾ ਸਮਾਚਾਰ ਕਰਉ ਬੇਨੰਤੀਆ ਵਿੱਚ ਸਹਿਯੋਗੀ ਗੁਰਮੀਤ ਸਿੰਘ ਬੈਦਵਾਣ ਜੀ ਨੇ ਦਿੱਤਾ ਹੈ। ਪੜ੍ਹ ਕੇ ਵੇਦਨਾ ਹੋਈ ਪਰ ਇਹ ਵੀ ਸੰਤੋਖ ਹੁੰਦਾ ਹੈ। ਕਿ ਅਜਿਹੇ ਸਾਧਕਾਂ ਦੀ ਸੂਲੀ ਦਾ ਸੂਲ ਕਰ ਦੇਣਾ ਹੀ ਗੁਰ ਪ੍ਰਸਾਦਿ ਹੁੰਦਾ ਹੈ। ਉਸ ਸਤਿਗੁਰੂ ਅੱਗੇ ਅਰਦਾਸ ਹੈ ਡਾਕਟਰ ਸਾਹਿਬ ਨੂੰ ਜਲਦੀ ਤੋਂ ਜਲਦੀ ਤੰਦਰੁਸਤੀ ਬਖਸ਼ੇ ਅਤੇ ਉਹ ਮੁੜ ਆਪਣੀ ਗੁਰਮਤਿ ਸੇਵਾ ਵਿਚ ਜੁੱਟ ਜਾਣ। ਅਜਿਹੇ ਕਰਮਯੋਗੀ ਹੀ ਪੰਥ ਦੀ ਵਰਤਮਾਨ ਸਮਸਿਆਵਾਂ ਦਾ ਗੁਰਮਤਿ ਸਮਾਧਾਨ ਕਰਨ ਵਿੱਚ ਸਮਰੱਥ ਹਨ। ਕਿਉਂਕਿ ਇਸ ਪੰਥ ਨੇ ਦੁਨੀਆਂ ਨੂੰ ਰਾਹ ਵਿਖਾਣਾ ਹੈ ਨਾ ਕਿ ਇਸਨੇ ਦੁਨੀਆ ਦੇ ਸਿਆਸੀ ਫਰੇਬ ਅਤੇ ਨਾਸਤਿਕ ਤਰਕਸ਼ੀਲਤਾ ਦੇ ਰਾਹ ਤੁਰਨਾ। ਗੁਰਬਾਣੀ ਗੁਰਮਤਿ ਵਾਲਾ ਸਦਾਚਾਰੀ ਸੰਸਾਰੀ ਜੀਵਨ ਅਤੇ ਉੱਚੀ ਸੁੱਚੀ ਅਧਿਆਤਮਿਕ ਪ੍ਰਾਪਤੀਆਂ ਦੇਣ ਲਈ ਪੂਰਨ ਸਮਰਥ ਸ਼ਬਦ ਗੁਰੂ ਸਰੂਪ ਹੈ। ਇਸ ਦੇ ਗਾਇਨ, ਪ੍ਰਸਾਰਣ ਅਤੇ ਸਿੱਖਿਆ ਪ੍ਰਚਾਰ ਵਿਚ ਜੁਟੇ ਨਿਰਲੇਪ ਅਤੇ ਨਿਮਾਣੇ ਪੰਥ ਸੇਵਕਾਂ ਦੀ ਭਾਲ ਵਿਚ ਜੁਟੇ ਡਾਕਟਰ ਜਾਗੀਰ ਸਿੰਘ ਨੇ ਆਪਣੇ ਸੇਵਾ ਸੰਕਲਪ ਦਾ ਪ੍ਰਗਟਾਵਾ ਅੰਮ੍ਰਿਤ ਕੀਰਤਨ ਦੇ ਹਰ ਇਕ ਅੰਕ ਵਿਚ ਕੀਤਾ ਹੈ। ਗੁਰੂ ਮਿਹਰ ਕਰੇ ਤੇ ਇਹ ਕਾਰਵਾਂ ਸੰਗੀਤ-ਕੀਰਤਨ-ਗੁਰਮਤਿ ਦੀ ਢੁਕਵੀਂ ਸੰਸਥਾਗਤ ਪਹਿਚਾਣ ਦਾ ਵਿਸਤਾਰ ਕਰੇ।

ਵਿਦਿਆਰਥੀ ਕੀਰਤਨ ਦਰਬਾਰ ਦੀ ਰਿਪੋਰਟਿੰਗ ਪ੍ਰੋ. ਕੰਵਲਜੀਤ ਸਿੰਘ ਜੀ ਨੇ ਕੀਤੀ ਹੈ। ਜਿਵੇਂ ਕਿ ਦੱਸਿਆ ਗਿਆ ਹੈ ਇਹ ਕੀਰਤਨ ਦਰਬਾਰ ਉਸੇ ਉੱਦਮ ਦੀ ਅਗਲੀ ਕੜੀ ਹੈ ਜੋ ਉਪਰਾਲਾ ਮੋਹਾਲੀ ਤੋਂ ਆਰੰਭਿਆ ਗਿਆ। ਕੀਰਤਨ ਨਾਲ ਜੁੜੀਆਂ ਤਸਵੀਰਾਂ ਨੂੰ ਨੰਬਰ ਲਗਾ ਕੇ ਅੰਦਰਲੇ ਕਿਸੇ ਪੰਨੇ ਤੇ ਵੇਰਵੇ ਦੇਣ ਦੀ ਖੇਚਲ ਨਹੀਂ ਕੀਤੀ ਗਈ। ਅਜਿਹੇ ਪਰਿਚੈ ਨਾਲ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਦਾ ਹੌਸਲਾ ਵਧਣਾ ਸੀ ਅਤੇ ਪਾਠਕਾਂ ਦੀ ਗਿਆਨ ਵਰਿਧੀ ਹੋਣੀ ਸੀ। ਆਸ ਹੈ ਅਗਲੇ ਹਰੇਕ ਉਪਰਾਲੇ ਵਿੱਚ ਅਜਿਹੀ ਘਾਟ ਨਹੀਂ ਹੋਣ ਦਿੱਤੀ ਜਾਵੇਗੀ। ਕਿਸੇ ਗੁਰਸਿੱਖ ਸੰਗੀਤ ਸੇਵੀ ਨੂੰ ਸਮਰਪਿਤ ਕੀਰਤਨ ਦਰਬਾਰ ਦੀ ਇਹ ਪਰੰਪਰਾ ਪ੍ਰੋ. ਤਾਰਾ ਸਿੰਘ ਵਾਂਗ ਹੋਰ ਸਿਰਨਾਵਿਆਂ ਨੂੰ ਵੀ ਸਨਮਾਨਿਤ ਕਰਨ ਦੇ ਰਾਹ ਤੇ ਜ਼ਰੂਰ ਤੁਰੇਗੀ ਕਿਉਂਕਿ ਅੰਮ੍ਰਿਤ ਕੀਰਤਨ ਟ੍ਰਸਟ ਕਰਨੀ ਵਿੱਚ ਪੂਰਾ ਉਤਰ ਕੇ ਕਥਨੀ ਕਰਦਾ ਹੈ।

ਅਜਿਹੇ ਕੀਰਤਨ ਦਰਬਾਰਾਂ ਦੇ ਉਤਸ਼ਾਹ ਨਾਲ ਸੰਭਵ ਹੈ ਕਿ ਪੰਥਕ ਪਿੜਾਂ ਵਿੱਚ ਗੁਰਮਤਿ ਸੰਗੀਤ ਦੀ ਯੂਨੀਵਰਸਿਟੀ ਦਾ ਸੰਕਲਪ ਉਜਾਗਰ ਹੋ ਜਾਵੇ ਜੋ ਪੰਜਾਬ ਤੇ ਲਾਗਲੇ ਖਿੱਤੇ ਦੀ ਸਾਰੀ ਸੰਗੀਤ ਲੋਕ ਤੇ ਸ਼ਾਸਤਰੀ ਸੰਗੀਤ ਦਾ ਅਧਿਕਾਰਕ ਪ੍ਰਵਕਤਾ ਪ੍ਰਮਾਣਿਤ ਹੋ ਜਾਵੇ। ਨਿਰਧਾਰਿਤ ਰਾਗ ਵਿੱਚ ਕੀਰਤਨ ਪਰੰਪਰਾ ਨੂੰ ਅਜਿਹੇ ਦਰਬਾਰਾਂ ਵਿੱਚ ਪ੍ਰਫੁਲਤ ਕਰਦੇ ਹੋਏ ਰਾਗ ਦੇ ਗਾਇਨ ਸਮੇਂ ਦੀ ਮਰਯਾਦਾ ਦੇ ਪਾਲਨ ਦਾ ਪ੍ਰਚਾਰ ਹੋਣਾ ਚਾਹੀਦਾ ਹੈ। ਨਿਰਧਾਰਿਤ ਰਾਗ ਦੀ ਸਮੇਂ ਮਰਯਾਦਾ ਵਿਚ ਜੁੜੇ ਹੋਰ ਰਾਗਾਂ ਵਿਚ ਵੀ ਕੀਰਤਨ ਨੂੰ ਪ੍ਰੋਤਸਾਹਿਤ ਕਰਨਾ ਪਵੇਗਾ। ਅਜਿਹਾ ਨਾ ਕੀਤਾ ਗਿਆ ਤਾਂ ਗੁਰਬਾਣੀ ਕੀਰਤਨ 31 ਰਾਗਾਂ ਤੇ 31 ਉਪ ਰਾਗਾਂ ਤੱਕ ਹੀ ਸੀਮਤ ਰਹਿ ਜਾਵੇਗਾ। ਰਾਗ ਨੂੰ ਸ਼ੁਧ ਰੂਪ ਵਿੱਚ ਗਾਉਣਾ ਅਤੇ ਸ਼ੁਧ ਗੁਰਬਾਣੀ ਗਾਇਨ ਦੀ ਪਹਿਲੀ ਲੋੜ ਨਾਲ ਗੁਰਬਾਣੀ ਸੰਗੀਤ ਦੀ ਬਾਕੀ ਮਰਯਾਦਾਵਾਂ ਬਾਰੇ ਅਜਿਹੇ ਸਮਾਗਮ ਵਿਚ ਸ਼ਰੀਕ ਹੋਣ ਵਾਲੇ ਕੀਰਤਨੀਆਂ ਨੂੰ ਦੱਸਣਾ ਜਰੂਰੀ ਹੈ।

ਆਉ ਤਬਲਾ ਸਿੱਖੀਏ ਦੇ ਨਾਲ ਸ੍ਰ. ਉੱਤਮ ਸਿੰਘ ਜੀ ਵਲੋਂ ਕੀਰਤਨ ਸਿਖਲਾਈ ਦਾ ਲੇਖ ਦੇਣਾ ਇੱਕ ਆਕਰਸ਼ਕ

ਉੱਦਮ ਹੈ। ਕੀਤਰਨ ਦੇ ਪ੍ਰੇਮੀ ਇਸ ਲੇਖ ਮਾਲਾ ਤੋਂ ਭਾਰੀ ਲਾਭ ਉਠਾਉਣਗੇ ਅਤੇ ਆਪਣੇ ਅਭਿਆਸ ਵਿਚ ਵਾਧਾ ਕਰਨਗੇ। ਮੈਗਜ਼ੀਨ ਰਾਹੀਂ ਸੰਗੀਤ ਸਿਖਲਾਈ ਦੇ ਨਾਲ ਹੀ ਅਭਿਆਸੀ ਪਾਠਕਾਂ ਦੇ ਪ੍ਰਸ਼ਨਾਂ ਦਾ ਉੱਤਰ ਦੇਣ ਲਈ ਇੱਕ ਨਵਾਂ ਕਾਲਮ ਵੀ ਸ਼ੁਰੂ ਕਰਨਾ ਪਵੇਗਾ। ਕੀਰਤਨ ਸਿਖਲਾਈ ਦੇ ਇਸ ਉੱਦਮ ਨੂੰ ਸੀ ਡੀ ਰਾਹੀਂ ਪ੍ਰਚਾਰਿਤ ਕਰਕੇ ਅੰਮ੍ਰਿਤ ਕੀਤਰਨ ਟ੍ਰਸਟ ਆਪਣੇ ਆਰਥਿਕ ਢਾਂਚੇ ਦੇ ਸੁਧਾਰ ਨਾਲ ਪ੍ਰਚਾਰ ਪ੍ਰਸਾਰ ਦਾ ਰਾਹ ਵੀ ਖੁਲ੍ਹੇਗਾ। ਅਜਿਹੀ ਮੈਗਜ਼ੀਨ ਕੇਵਲ ਇਕ ਪਰਸੈਂਟ ਕੀਰਤਨ ਪ੍ਰੇਮੀ ਪਰਿਵਾਰਾਂ ਵਿਚ ਵੀ ਪੁੱਜ ਜਾਵੇ ਤਾਂ ਪ੍ਰਸਾਰ ਗਿਣਤੀ ਕਈ ਹਜ਼ਾਰ ਹੋ ਸਕਦੀ ਹੈ। ਪਿਛਲੇ ਦਿਸੰਬਰ ਅੰਕ ਵਿਚ ਪੰਨੇ ਘਟਾਣ ਦਾ ਜ਼ਿਕਰ ਸੀ ਜਦ ਕੇ ਇਸ ਦੇ ਪ੍ਰਸਾਰ ਪ੍ਰਚਾਰ ਵਲ ਉਚੇਚਾ ਉਪਰਾਲਾ ਕਰਨ ਲਈ ਕਮਰ ਕੱਸ ਲੈਣੀ ਸਮੇਂ ਦੀ ਲੋੜ ਹੈ ਅਤੇ ਸੇਵਾ ਦੇ ਵਿਸਤਾਰ ਦਾ ਤਕਾਜ਼ਾ ਹੈ। ਸਤਿਗੁਰੂ ਸਦਾ ਸਹਾਈ ਹੋਵੇ।

- *ਕਰਤਾਰ ਸਿੰਘ ਨੀਲਧਾਰੀ,* 162ੲ, ਗਰੰਨ ਮਾਰਕੀਟ, ਚੰਡੀਗੜ੍ਹ

♦ ਵੀਰ ਜੀ currently ਮੈਂ ਆਪ ਜੀ ਦੁਆਰਾ ਪ੍ਰਕਾਸ਼ਿਤ ਮੈਗਜ਼ੀਨ 'ਅੰਮ੍ਰਿਤ ਕੀਤਰਨ' ਪੜ੍ਹੀ। ਮੈਨੂੰ ਬਹੁਤ ਖੁਸ਼ੀ ਹੋਈ ਕਿ ਇਕ ਐਸੀ magzine ਭੀ ਹੈ ਜੋ ਨਿਰੋਲ ਗੁਰਬਾਣੀ ਕੀਰਤਨ ਭਾਵ 'ਕਰ ਕੀਰਤਨ ਹੋਇ ਉਧਾਰ' ਦੇ ਮਹਾਵਾਕਾਂ ਅਨੁਸਾਰ ਪ੍ਰਚਾਰ ਕਰ ਰਹੀ ਹੈ। ਆਪ ਜੀ ਦੀ ਮੈਗਜ਼ੀਨ ਭਾਵ ਆਪ ਜੀ ਦੁਆਰਾ really ਕੀਰਤਨ ਸਬੰਧੀ ਹੀ ਪ੍ਰਚਾਰ ਹੋ ਰਿਹਾ ਹੈ। ਵੀਰ ਜੀ, ਇਸ ਵੇਲੇ ਤਾਂ ਮੈਂ ਜੇਲ ਵਿਚ ਹਾਂ ਆਪ ਜੀ ਨੂੰ ਮਨੀਆਰਡਰ ਨਹੀਂ ਭੇਜ ਸਕਦਾ। ਬੇਨਤੀ ਹੈ ਕਿ ਮੈਨੂੰ only for three months ਤਿੰਨ ਮਹੀਨਿਆਂ ਵਾਸਤੇ ਮੈਗਜ਼ੀਨ ਚਾਲੂ ਕਰ ਦੇਣੀ ਜੀ। ਛੁਟਕੇ ਹੀ ਮੈਂ life member ਬਣਾਂਗਾ। Please accept my humble pray to start me your's very very good magzine for three months. I will remain ever grateful to you.

- ***Chattar Singh Saini,** UT 1702 Circle 7/2 Arthur Road Jail. Mahalaxmi, Opp. Kasturba Hospital Mumbai 400 011*

♦ ਆਪ ਜੀ ਨੂੰ ਯਾਦ ਹੋਵੇਗਾ ਕੁਝ ਮਹੀਨੇ ਪਹਿਲੇ ਮੈਂ ਆਪ ਜੀ ਨੂੰ ਲਿਖਿਆ ਸੀ ਕਿ ਜੋਗੀ ਜੀ ਦਾ ਤੁਰੇ ਜਾਂਦਿਆਂ ਖੱਬੀ ਲੱਤ ਦਾ ਚੂਲਾ ਟੁੱਟ ਗਿਆ ਹੈ। ਹੁਣ ਸਾਲ ਭਰ ਮੰਜੇ ਤੋਂ ਬਾਅਦ ਬਾਕਰ ਨਾਲ ਥੋੜਾ ਥੋੜਾ ਤੁਰਨ ਲੱਗੇ ਹਨ। ਮੈਂ ਕਦੇ ਕਦੇ ਉਹਨਾਂ ਨੂੰ ਮਿਲਣ ਜਾਂਦਾ ਰਹਿੰਦਾ ਹਾਂ। ਹੁਣ ਉਹਨਾਂ ਨੇ ਉਚੇਚਾ ਟੈਲੀਫੋਨ ਕਰਕੇ ਮੈਨੂੰ ਬੁਲਾਇਆ ਕਿ ਮੈਂ ਉਹਨਾਂ ਦੀ (ਜੋਗੀ ਜੀ ਦੀ) ਗੱਲ ਚਿੱਠੀ ਰਾਹੀਂ ਆਪ ਜੀ ਤੱਕ ਪੁਚਾਵਾਂ

ਉਹਨਾਂ ਦਾ ਕਹਿਣਾ ਹੈ-

"ਕਿ ਮੇਰੇ ਪਾਸ ਘਰ ਵਿੱਚ ਬਹੁਤ ਸਾਰੇ ਤੰਤੀ ਸਾਜ਼ ਪਏ ਹਨ। ਮੈਂ ਹੁਣ ਇਸ ਚਿੰਤਾਂ ਵਿਚ ਰਹਿੰਦਾ ਹਾਂ ਮਰਨ ਤੋਂ ਪਹਿਲਾਂ ਪਹਿਲਾਂ ਕਿਸ ਨੂੰ ਸੌਂਪਾ, ਕਿਉਂਕਿ ਇਹਨਾਂ ਨੂੰ ਸਿੱਖਣ ਵਾਲਾ ਏਥੇ ਮੈਨੂੰ ਕੋਈ ਨਹੀਂ ਦਿਸ ਰਿਹਾ।

ਤੰਤੀ ਸਾਜ਼ ਦੀ ਸਿੱਖਿਆ ਸਿੱਖ ਕੌਮ ਵਿਚੋਂ ਕਰੀਬਨ ਕਰੀਬਨ ਲੁਪਤ ਹੁੰਦੀ ਜਾ ਰਹੀ ਹੈ ਅਤੇ ਮੈਂ ਚਾਹੁੰਦਾ ਹਾਂ ਜੋ ਥੋੜੀ ਬਹੁਤ ਮੇਰੀ ਉਮਰ ਬਾਕੀ ਹੈ, ਇਸ ਦੌਰਾਨ ਉਹਨਾਂ ਸਿੱਖ ਰਾਗੀਆਂ ਨੂੰ, ਜੋ ਕੀਰਤਨ ਤਾਂ ਅੱਛਾ ਕਰ ਲੈਂਦੇ ਹਨ, ਪਰ ਤੰਤੀ ਸਾਜ਼ਾਂ ਦੀ ਸਿੱਖਿਆ ਤੋਂ ਵਿਰਲੇ ਰਹਿ ਗਏ ਹਨ, ਮੈਂ ਤੰਤੀ ਸਾਜ਼ ਸਿਖਾ ਦਿਆਂ ਅਤੇ ਇਸ ਸੰਸਾਰ ਤੋਂ ਇਸ ਤਸੱਲੀ ਨਾਲ ਜਾਵਾਂ ਕਿ ਮੈਂ ਆਪਣੇ ਸਿੱਖ ਰਾਗੀਆਂ ਨੂੰ ਕੁਝ ਦੇ ਚੱਲਿਆਂ ਹਾਂ।

ਬੰਬਈ ਤਾਂ ਮਾਇਆ ਨਗਰੀ ਹੈ। ਏਥੇ ਕਿਸੇ ਨੂੰ ਹੋਰ ਕੁਝ ਨਵਾਂ ਸਿੱਖਣ ਵਾਸਤੇ ਸਮਾਂ ਨਹੀਂ, ਕਿ ਇਸ ਉਮਰੇ ਮੈਨੂੰ ਆਪ ਜੀ ਸੰਭਾਲ ਸਕਦੇ ਹੋ ਤਾਂ ਕਿ ਇਸੇ ਰਾਗੀ ਜੋ ਤੰਤੀ ਸਾਜ਼ ਸਿੱਖਣ ਲਈ ਵਕਤ ਕੱਢ ਸਕਦੇ ਹਨ ਉਹਨਾਂ ਦੀ ਮੈਂ ਕੁਝ ਸੇਵਾ ਕਰ ਸਕਾਂ। ਜਾਂ ਕਿ ਸਕੂਲ ਜਾਂ ਸੰਗੀਤ ਅਕੈਡਮੀ ਵਿੱਚ ਸੇਵਾ ਕਰਨ ਦਾ ਮੌਕਾ ਦਿੱਤਾ ਜਾਵੇ, ਜਿੱਥੇ ਮੈਂ ਬੈਠਾ ਬੈਠਾ ਕੀਰਤਨ ਜਾਂ ਸੰਗੀਤ ਸਿਖਾ ਸਕਾ। ਮੈਂ ਬੰਬਈ ਤੋਂ ਬਹੁਤ ਨਿਰਾਸ਼ ਹੋ ਚੁੱਕਾ ਹਾਂ ਅਤੇ ਮੈਂ ਬੰਬਈ ਵਿੱਚ ਹੁਣ ਰਹਿਣਾ ਨਹੀਂ ਚਾਹੁੰਦਾ।"

ਕੁਝ ਆਪਣੇ ਵਲੋਂ:

ਜੋਗੀ ਜੀ ਆਪਣੇ ਨੂੰ ਸਿਰਫ ਜੋਗੀ ਕਰਕੇ ਯਾਦ ਸਦਾਉਂਦੇ ਹਨ ਪਰ ਇਹਨਾਂ ਦੇ ਸੰਪਰਕ ਵਿੱਚ ਆਉਣ ਤੋਂ

ਬਾਅਦ ਜੋ ਮੈਂ ਅਨੁਭਵ ਕੀਤਾ ਹੈ ਉਸ ਅਨੁਸਾਰ ਉਹ ਸੱਚੇ ਕਰਮਯੋਗੀ ਹਨ। ਇਹਨਾਂ ਨੇ ਅਨੇਕਾਂ ਨੂੰ ਸੰਗੀਤ ਸਿਖਾਇਆ ਹੈ ਇਸ ਦਾ ਜ਼ਿਕਰ ਸਤੰਬਰ 1995 ਦੇ 'ਅੰਮ੍ਰਿਤ ਕੀਰਤਨ' ਦੇ ਪੰਨਾ 12-13 ਤੇ ਆ ਚੁਕਿਆ ਹੈ, ਪਰ ਇਸ ਵਡੇਰੀ ਉਮਰੇ ਵੀ ਉਹ ਆਪਣੀ ਕਲਾ ਭਾਵ ਸੰਗੀਤ ਨੂੰ ਪੂਰੀ ਤਰ੍ਹਾਂ ਸਮਰਪਤ ਹਨ। ਬੰਬਈ ਵਿੱਚ ਉਹ ਘਰ ਘਰ ਆਪ ਜਾ ਕੇ ਕੀਰਤਨ ਸਖਾਉਂਦੇ ਸਨ। ਠੀਕ ਹੈ ਸਿੱਖਣ ਵਾਲਿਆਂ 'ਚੋਂ ਕੁਝ ਅਮੀਰ ਘਰਾਂ ਦੀਆਂ ਕੁੜੀਆਂ ਅਤੇ ਸੱਜਣ ਵੀ ਸਨ, ਜਿਹਨਾਂ ਕੋਲੋਂ ਉਹ ਫੀਸ ਵੀ ਲੈਂਦੇ ਸਨ। ਪਰ ਕਈਆਂ ਨੂੰ ਫਰੀ ਹੀ ਸਿਖਾਉਂਦੇ ਸਨ।

ਜਦੋਂ ਮੈਂ ਉਨ੍ਹਾਂ ਨੂੰ ਪਹਿਲੀ ਵਾਰ ਮਿਲਿਆ ਤਾਂ ਘਰ ਚੱਲਣ ਲਈ ਕਿਹਾ। ਪਹਿਲਾਂ ਤਾਂ ਨਾ ਕਰ ਦਿੱਤੀ ਕਿ ਵਕਤ ਨਹੀਂ ਹੈ। ਪਰ ਜਦ ਤੁਰੇ ਤਾਂ ਕਹਿਣ ਲੱਗੇ 15 ਮਿੰਟ ਤੋਂ ਜਿਆਦਾ ਨਹੀਂ ਬੈਠਾਂਗਾ। ਪਰ ਮੇਰੇ ਘਰ ਉਹ ਦੋ ਢਾਈ ਘੰਟੇ ਬੈਠੇ ਰਹੇ। ਚੱਲਣ ਲੱਗੇ ਕਹਿਣ ਲੱਗੇ, ਅੱਛਰ ਸਿੰਘ, ਲਗਦਾ ਹੈ ਕਿ ਤੇਰਾ ਮੇਰਾ ਕੋਈ ਪਿਛਲੇ ਜਨਮ ਦਾ ਸੰਜੋਗ ਹੈ। ਮੈਂ ਤੈਨੂੰ ਫਰੀ ਕੀਰਤਨ ਸਿਖਾਉਂਗਾ। ਆਪ ਜੀ ਨੇ ਮੇਰਾ ਘਰ ਵੇਖਿਆ ਹੈ ਜੋ ਕਈ ਜਿਆਦਾ ਅੱਛੀ ਥਾਂ ਨਹੀਂ ਹੈ, ਪਰ ਫਿਰ ਵੀ ਉਹ ਥਾਣੇ ਵਰਗੀ ਦੂਰ ਥਾਂ ਤੋਂ ਚਲਕੇ ਕਰੀਬਨ ਇਕ ਸਾਲ ਤੱਕ ਮੇਰੇ ਘਰ ਆਉਂਦੇ ਰਹੇ। ਮੈਂ ਉਨ੍ਹਾਂ ਨੂੰ ਕਿਹਾ ਮੈਂ ਤੁਹਾਡੀ ਕਿਸੇ ਨਿਸ਼ਚਤ ਕੀਤੀ ਥਾਂ ਤੇ ਆ ਜਾਇਆ ਕਰਾਂਗਾ। ਪਰ ਨਹੀਂ ਮੰਨੇ। ਫਿਰ ਆਪ ਵਿੱਚ ਕੁਝ ਤਕਲੀਫ ਹੋ ਜਾਣ ਕਾਰਨ ਮਜਬੂਰਨ ਬੰਦ ਕਰਨਾ ਪਿਆ।

ਆਪ ਜੀ ਜਦ ਬੰਬਈ ਸਿੱਖ ਯੂਥ ਐਸੋਸੀਏਸ਼ਨ ਦੇ ਸੱਦੇ ਤੇ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਤੇ ਬੰਬਈ ਆਏ ਸਨ ਤਾਂ ਮੇਰੇ ਘਰ ਬੈਠਿਆਂ ਗੱਲਾਂ ਗੱਲਾਂ ਵਿਚ ਭਾਈ ਬਖਸ਼ੀਸ਼ ਸਿੰਘ ਜੀ ਰਾਗੀ ਦਾ ਜਿਕਰ ਆ ਗਿਆ ਤਾਂ ਆਪ ਜੀ ਨੇ ਕਿਹਾ ਸੀ ਕਿ ਜੇ ਖਾੜਕੂਆਂ ਨੂੰ ਕਿਸੇ ਗਲੋਂ ਭਾਈ ਬਖਸ਼ੀਸ਼ ਸਿੰਘ ਜੀ ਤੇ ਗੁੱਸਾ ਕੀਤਾ ਜਾਨੋ ਨਾ ਮਾਰਦੇ, ਲੱਤਾਂ ਤੋੜ ਦਿੰਦੇ, ਉਹ ਬੈਠੇ ਬੈਠੇ ਕੀਰਤਨ ਤਾਂ ਸਿਖਾਉਂਦੇ ਰਹਿੰਦੇ।

ਹੁਣ ਜੋਗੀ ਜੀ ਦੀ ਹਾਲਤ ਵੀ ਅਜੇਹੀ ਹੋ ਗਈ ਹੈ ਕਿ ਤੁਰਨੋਂ ਰਹਿ ਗਏ, ਵਾਕਰ ਨਾਲ ਤੁਰਦੇ ਹਨ, ਪਰ ਕੀਰਤਨ ਸਿਖਾਉਣ ਵਾਸਤੇ ਅਜੇ ਵੀ ਉਨ੍ਹਾਂ ਵਿਚ ਬਹੁਤ ਉਤਸ਼ਾਹ ਹੈ। ਉਮਰ ਪੱਖੋਂ 100 ਦੇ ਏੜ ਗੇੜ ਵਿੱਚ ਹਨ। ਪਰ ਅਜੇ ਵੀ ਉਤਸ਼ਾਹ ਜਵਾਨਾਂ ਨਾਲੋਂ ਘੱਟ ਨਹੀਂ ਹੈ। ਲੱਤਾਂ ਨੂੰ ਛਡ ਕੇ ਸਿਹਤ ਅਜੇ ਵੀ ਚੰਗੀ ਹੈ।

ਆਪਣੇ ਸ਼ਾਗਿਰਦਾਂ ਨਾਲ ਉਨ੍ਹਾ ਨੂੰ ਏਨਾ ਪਿਆਰ ਹੈ ਕਿ ਮੇਰੇ ਨਾਲ ਇਸ ਸਬੰਧੀ ਗੱਲਾਂ ਕਰਦਿਆਂ ਅਤੇ ਆਪਣੀ ਹੁਣ ਦੀ ਹਾਲਤ ਨੂੰ ਵੇਖਦਿਆਂ ਏਨੇ ਭਾਵਕ ਹੋ ਜਾਂਦੇ ਹਨ ਕਿ ਕਈ ਵਾਰ ਰੋਣ ਵੀ ਲੱਗ ਪੈਂਦੇ ਹਨ। ਉਹ ਕਹਿੰਦੇ ਹਨ ਕਿ ਮੈਂ ਅਜੇ ਵੀ ਕਲਾਕਾਰ ਪੈਦਾ ਕਰਨ ਦੀ ਸਮਰਥਾ ਰੱਖਦਾ ਹਾਂ। ਉਹ ਕਹਿੰਦੇ ਹਨ ਕਿ ਮੈਂ ਚਾਹੁੰਦਾ ਹਾਂ ਕਿ ਮੈਂ ਅਜਿਹੇ ਕਲਾਕਾਰ ਪੈਦਾ ਕਰਾਂ ਜੋ ਟੀ ਵੀ ਤੇ ਆਉਣ ਤੇ ਦੁਨੀਆਂ ਵੇਖੇ।

ਆਪ ਜੀ 'ਅੰਮ੍ਰਿਤ ਕੀਰਤਨ' ਵਿੱਚ ਕੀਰਤਨ ਸਿਖਾਉਣ ਵਾਲੀਆਂ ਕਈ ਅਕੈਡਮੀਆਂ ਅਤੇ ਇਨਸਟੀਚਿਊਟਾਂ ਦੇ ਨਾਮ ਛਾਪ ਦੇ ਰਹਿੰਦੇ ਹੋ। ਕਿਉਂ ਨਾ ਇਨ੍ਹਾਂ ਨੂੰ ਕਿਸੇ ਅਜਿਹੀ ਸੰਸਥਾ ਵਿੱਚ ਥਾਂ ਦੇ ਕੇ ਉਨ੍ਹਾਂ ਦੇ ਹੁਨਰ ਤੋਂ ਲਾਭ ਲਿਆ ਜਾਵੇ। ਇਸ ਉਮਰੇ ਉਨ੍ਹਾਂ ਨੂੰ ਤਨ ਢਕਣ ਲਈ ਕਪੜਾ ਅਤੇ ਪੇਟ ਪੂਰਤੀ ਲਈ ਦੋ ਡੰਗ ਰੋਟੀਆਂ ਤੋਂ ਸਿਵਾ ਹੋਰ ਚਾਹੀਦਾ ਵੀ ਕੀ ਹੈ?

ਜੇ ਕੁਝ ਇੰਤਜਾਮ ਹੋ ਸਕਦਾ ਹੋਵੇ ਤਾਂ ਉਹਨਾਂ ਨੂੰ ਇਸ ਐਡਰੈਸ ਤੇ ਪਤਾ ਦੇ ਦੇਣਾਂ ਜੀ।

Ustad Joginder Singh Yogi
1/41, Ghansham Nagar, 6th Floor, Opp Nakhawa High School, Tilak Road, Thane (East) Maharashtra 400 603 (Phone 5424922)

ਜੋਗੀ ਜੀ ਦੇ ਘਰ ਪਏ ਕੁਝ ਸਾਜ਼ਾਂ ਦੀ ਲਿਸਟ-

| | |
|---|---|
| Harmonium | Tabla |
| Piano | Dholak |
| Organ | Bhangra Drum |
| Medolian | Daffli |

(mouth piece)

| | |
|---|---|
| Sitar | Kango |
| Dil Ruba | Bango |
| Tause | Jaz Set |
| Violin | Tabla Tarang |
| Benjo | Khanjra |
| Mendolin | Kabas |
| Gitar | Marakas |
| Santoor | Stepar |
| Tanpoora | Tik Tiki |
| Sarod | Tri-angle |
| Flute | Band Basedrum |
| Jal-Trang | Band Symble Matka |

*- **Achhar Singh**, 2, Raja Ki Chawl, New Topiwala Chawl. Adrash Lane, Jawahar Nagar, Khar-e, Mumbai 400 051*

♦ We are really concerned about your health & welfare. We pray to the Almighty to give you health & happiness & relieve you of all the pain.

Its in time like this one wonders why people who are Gods own. God fearing and men of religion should have to suffer? If it had to happen it could well be to sinners like me. These questions are indeed difficult for me to answer but I am sure that Gurbani has all the solutions & through you and with his blessings someday even lesser mortals like me will understand the correct interpretation. At the sametime my faith is unshakable & this is BHANA, and may God give you strength to bear the difficult phase & come out stronger.

Dr. Sahib ji, I am not only a fair weather friend & in case I can be of any help, please do not hesitate to call me up.

*- **R.S. Ahuja**, C-1/124, Lajpat Nagar, New Delhi 110 024*

♦ We have just read about your serious accident and feel very concerned about it. We don't understand why a noble and selfless person like you has to suffer so much pain and immobility. Your present immobility is certainly a loss to the Panth.

We pray for your speedy recovery. We are so far away and feel helpless because we would have been of some use to you at this time, nothing else even sitting by your side. Ardas to waheguru we shall perform and seek his blessings for you. Waheguru be with you and relieve you of pain in the treatment.

*- **S.S. Sandhu**, A-202. Shila Lehls, Shahi Baug. Ahmedabad 380 004*

♦ I am very shocked to know about your accident from the current issue of the 'Amrit Kirtan' received today.

*Tati vao na the lagye - parbram sarnai*
*chogird hamere ram kar dukh lage na bhai*

I seek the blessings of the Akal Purakh for you and wishing speedy recovery. Do let me know if I can be of any help to you.

- *P.S. Sachdev, Plot no. 12, Ghatla Village, Chembur. Mumbai 400 071*

♦ I was away to Udaipur, it was only upon my return to New Delhi that I got the message of your accident. My first reaction was of shock and disbelief.

I had a word with your daughter on the mobile, who was very concerned about your health and informed me that you have some multiple fractures in one leg and right arm. I am informed that steel plaques have been studded and now you are better then before. It is a great relief that wounds are healing fast and you shall be up and about - and back to normal routine very soon.

Every one who has got the news is praying for your good health. Kindly do let me know if I can do anything for you from New Delhi. We are with you at this hour of difficulty. Please do not hesitate if I can be of any good whatsoever.

May Shri Guru Harkrishan Sahib bless you with very good health.

- *L.S. Bahl, A-184, Okhla Industrial Area, Phase-I. New Delhi 110 020*

## Live and Learn and Pass it on

*People share what they've disscovered about life, love, and other good stuff.*

- I've learned that if you spread the peas out on your plate, it looks like you ate more. - *Age 9*
- I've learned that trust is the single most important factor in both personal and professional relationships. - *Age 20*
- I've learned that you should never be too bysy to say "please" and "thank you". - *Age 36*
- I've learned that you can't be a hero without taking chances. - *Age 43*
- I've learned that the more creative you are, the more things you notice. - *Age 51*
- I've learned that self-pity is a waste of time. - *Age 81*
- I've learned that I still have a lot to learn. - *Age 92*

*With best compliments from a wellwisher*

# ਕਰਉ ਬੇਨੰਤੀਆ

## ਸ਼ੁਕਰਾਨਾ

ਪ੍ਰਮਾਤਮਾ ਦਾ ਸ਼ੁਕਰਾਨਾ ਕਰਨ ਲਈ ਦੂਜਿਆਂ ਨੂੰ ਕਹਿਣਾ ਤਾਂ ਆਸਾਨ ਹੈ ਪਰ ਆਪ ਉਸ ਉੱਤੇ ਅਮਲ ਕਰਨਾ ਬੜਾ ਕਠਨ ਹੈ। ਕੀਰਤਨ ਕਰਨ ਸਮੇਂ ਇਹ ਤੁਕਾਂ ਗਾਉਂਦਾ ਸਾਂ-

*ਜੇ ਸੁਖ ਦੇਹ ਤ ਤੁਝਹਿ ਅਰਾਧੀ ਦੁਖ ਭੀ ਤੁਝਹਿ ਧਿਆਈ॥*

ਜਾਂ

*ਕੇਤਿਆ ਦੂਖ ਭੂਖ ਸਦ ਮਾਰ।*
*ਏਹ ਭੀ ਦਾਤ ਤੇਰੀ ਦਾਤਾਰ।*

ਇਹ ਤੁਕਾਂ ਹੋਰਨਾਂ ਨੂੰ ਸੁਣਾ ਸੁਣਾ ਕੇ ਆਪਣੀ ਵਿਦਵਤਾ ਦਰਸਾਉਣੀ ਤਾਂ ਆਉਂਦੀ ਸੀ ਪਰ ਜਦੋਂ ਆਪ ਤੇ ਦੁਖ ਆਇਆ ਤਾਂ ਭਾਣਾ ਮੰਨਣਾ ਬੜਾ ਔਖਾ ਹੋਇਆ।

ਪਰ ਵਾਹਿਗੁਰੂ ਨੇ ਆਪਣੇ ਬਿਰਦਬਾਣੇ ਦੀ ਲਾਜ ਰੱਖੀ। ਥਾਂ-ਥਾਂ ਪ੍ਰਹਿਲਾਦ ਵਾਗੂੰ ਮੇਰੀ ਰੱਖਿਆ ਕੀਤੀ ਅਤੇ ਡੋਲਣ ਤੋਂ ਬਚਾਈ ਰੱਖਿਆ।

ਹਾਦਸੇ ਤੋਂ ਤੁਰੰਤਬਾਦ ਅਤੇ ਹੁਣ ਤੱਕ ਜੋ ਸੁਰੱਖਿਆ ਪ੍ਰਾਪਤ ਹੋਈ ਉਸ ਲਈ ਸ਼ੁਰਕ-ਸ਼ੁਕਰ ਕਰੀ ਜਾਣਾ ਹੀ ਬਣਦਾ ਹੈ।

ਖੱਬੀ ਲੱਤ ਅਤੇ ਸੱਜੇ ਹੱਥ ਦੀਆਂ ਹੱਡੀਆਂ ਅਨੇਕਾਂ ਥਾਵਾਂ ਤੋ. ਟੁੱਟੀਆਂ ਸਨ। ਪੀ. ਜੀ. ਆਈ. ਡਾ. ਸ਼ਵਿੰਦਰ ਸਿੰਘ ਗਿੱਲ ਅਤੇ ਉਹਨਾਂ ਦੀ ਪੂਰੀ ਟੀਮ ਨੇ ਅਪਰੇਸ਼ਨ ਕਰਕੇ ਸਟੀਲ ਦੀਆਂ ਪਲੇਟਾਂ ਨਾਲ ਜੋੜ ਦਿੱਤਾ। ਉਹਨਾਂ ਦੀ ਅਤੇ ਫਿਜ਼ੀਓਥਰੈਪੀ ਟੀਮ ਦੀ ਮਿਹਨਤ ਸਦਕਾ ਹੱਥ ਲਗਭਗ ਠੀਕ ਹੈ ਅਤੇ ਲੱਤ ਠੀਕ ਹੋ ਰਹੀ ਹੈ। ਉਹਨਾਂ ਦਾ ਜਿੰਨਾ ਵੀ ਧੰਨਵਾਦ ਕਰਾਂ ਥੋੜਾ ਹੈ। ਇਸ ਸਮੇਂ ਪੀ. ਜੀ. ਆਈ. ਦੇ ਸਟਾਫ ਨੇ ਜਿਸ ਪਿਆਰ, ਸਤਿਕਾਰ ਅਤੇ ਲਗਨ ਨਾਲ ਸੰਭਾਲ ਕੀਤੀ ਉਸ ਲਈ ਵੀ ਬਾਰ ਬਾਰ ਸ਼ੁਕਰਾਨਾ ਕਰਨ ਨੂੰ ਮਨ ਕਰਦਾ ਹੈ। ਕੁਝ ਤਾਂ ਇਤਨੇ ਚੰਗੇ ਹਨ ਕਿ ਉਹਨਾਂ ਦੀ ਉਡੀਕ ਨਾਈਟਿੰਗੇਲ ਵਾਗੂੰ ਮੈਨੂੰ ਸਦਾ ਰਹਿੰਦੀ ਸੀ। ਉਹਨਾਂ ਨੂੰ ਵੇਖ ਕੇ ਤੰਦਰੁਸਤੀ ਦੀਆਂ ਲਹਿਰਾਂ ਤੇਜ ਦੌੜਨ ਲੱਗ ਪੈਂਦੀਆਂ ਸਨ। ਪੀ. ਜੀ. ਆਈ. ਤੋਂ ਰਿਟਾਇਰ ਹੋਏ ਨਰਸਿੰਗ ਸੁਪਰਇੰਟੈਂਡੈਂਟ ਆਦਰ ਯੋਗ ਹਰਜਿੰਦਰ ਕੌਰ ਜੀ ਨੇ ਵਿਸ਼ੇਸ਼ ਤੌਰ 'ਤੇ ਸਹਾਇਤਾ ਕਰਕੇ ਸਾਨੂੰ ਹੌਸਲੇ ਵਿੱਚ ਰੱਖਿਆ।

ਇਸ ਸਮੇਂ ਮੇਰੀ ਪਤਨੀ ਕੁਲਵੰਤ ਕੌਰ ਜੀ ਜਿਹੜੇ ਕਿ ਆਪ ਵੀ ਪਹਿਲਾਂ 21 ਸਾਲ ਬਤੌਰ ਨਰਸਿੰਗ ਸਿਸਟਰ ਪੀ. ਜੀ. ਆਈ. ਵਿੱਚ ਸੇਵਾ ਕਰ ਚੁੱਕੇ ਹਨ ਉਹਨਾਂ ਨੇ ਜਿਵੇਂ ਮੈਨੂੰ ਸੰਭਾਲਿਆ ਉਸ ਤੋਂ ਸਤਿਆਵਾਨ ਅਤੇ ਸਵਿਤਰੀ ਦੀ ਕਥਾ ਬਾਰ ਬਾਰ ਯਾਦ ਆਈ। ਮੇਰੇ ਬੱਚੇ ਹਰਸ਼ਗੀਤ ਕੌਰ ਅਤੇ ਹਰਗੁਨਗੀਤ ਸਿੰਘ ਤਾਂ ਮੇਰੀਆਂ ਨਜ਼ਰਾਂ ਵਿਚ ਬਹੁਤ ਵੱਡੇ ਹੋ ਗਏ ਹਨ। ਉਹਨਾਂ ਨੇ ਜਿਸ ਜਿੰਮੇਵਾਰੀ ਨਾਲ ਇਹ ਸਮਾਂ ਗੁਜਾਰਿਆ ਇੰਜ ਵੱਡੇ ਵਿਅਕਤੀ ਹੀ ਗੁਜਾਰਦੇ ਹਨ।

ਇਹਨਾਂ ਦਿਨਾਂ ਵਿੱਚ ਮੇਰੇ ਰਿਸ਼ਤੇਦਾਰਾਂ, ਮਿੱਤਰਾਂ ਸਨੇਹੀਆਂ ਸਭ ਨੇ ਆਪਣੀ ਵਿਤੋਂ ਵੱਧ ਸਹੂਲਤਾਂ ਦਿੱਤੀਆ, ਮੇਰੇ ਲਈ ਅਰਦਾਸਾਂ ਕੀਤੀਆਂ। ਦੇਸ਼ ਵਿਦੇਸ਼ ਬਹੁਤ ਸਾਰੇ ਸੱਜਣਾਂ ਨੇ ਖੁਦ ਪਹੁੰਚ ਕੇ, ਟੈਲੀਫੋਨ, ਚਿੱਠੀਆਂ ਅਤੇ ਈ. ਮੇਲ ਰਾਹੀਂ ਸ਼ੁਭ ਇਛਾਵਾਂ ਭੇਜੀਆਂ ਮੇਰਾ ਦਿਲ ਕਰਦਾ ਹੈ ਕਿ ਸਾਰਿਆਂ ਦਾ ਘਰ ਘਰ ਜਾ ਕੇ ਸ਼ੁਕਰਾਨਾ ਕਰਾਂ ਪਰ ਅਜੇ ਤਾਂ ਬਹੁਤਾ ਤੁਰ ਫਿਰ ਨਹੀਂ ਸਕਦਾ।

'ਅੰਮ੍ਰਿਤ ਕੀਤਰਨ' ਦੇ ਪਾਠਕਾਂ ਨੂੰ 'ਅੰਮ੍ਰਿਤ ਕੀਰਤਨ' ਵੀ ਨਹੀਂ ਪੁਚਾ ਸਕੇ ਇਸ ਲਈ ਖਿਮਾ ਕਰਨਾ ਅਤੇ ਅਰਦਾਸ ਕਰਨੀ ਕਿ ਵਾਹਿਗੁਰੂ ਤੰਦਰੁਸਤੀ ਬਖਸ਼ੇ ਤਾਂ ਜੋ ਆਪ ਸਭ ਦਾ ਮੈਗਜ਼ੀਨ ਅਤੇ ਕੀਰਤਨ ਰਾਹੀਂ ਸੇਵਾ ਕਰਦੇ ਰਹੀਏ। ਧੰਨਵਾਦ

ੴ ਵਾਹਿਗੁਰੂ ਜੀ ਕੀ ਫਤਹਿ॥
ਸੇਵਾ ਕਰਤ ਹੋਇ ਨਿਹਕਾਮੀ, ਤਿਸ ਕਉ ਹੋਤ ਪਰਾਪਤਿ ਸੁਆਮੀ॥

# NISHKAM

## Sikh Welfare Council (Regd.)

## ਨਿਸ਼ਕਾਮ ਸਿੱਖ ਵੈਲਫੇਅਰ ਕੌਂਸਲ (ਰਜਿ.)

**Project Office: Nishkam Bhawan, B-Block, Tilak Vihar, New Delhi 110 018 Phone: 5412601, 5101848**

**Registered Office: BF-33, Tagore Garden, New Delhi 110 027 (India) Phone: 5939020, 5155848**

E-mail: nishkam@bol.net.in, nishkamsewa@bol.net.in

***17 Years of dedicated service to the Humanity (1984-2002)***

## ਸਹਾਇਤਾ ਵਾਸਤੇ ਅਪੀਲ

ਲੁਧਿਆਣਾ ਨਿਵਾਸੀ, 45 ਸਾਲਾਂ ਦੇ ਸ੍. ਤਰਲੋਚਨ ਸਿੰਘ, ਜੋ ਕਿ ਪਿਛਲੇ 13 ਸਾਲਾਂ ਤੋਂ ਪਾਰਕਿੰਨਸਨ (Parkinson) ਰੋਗ ਨਾਲ ਪੀੜਤ ਹਨ, ਦੇ ਆਲ ਇੰਡੀਆ ਇੰਸਟੀਚਊਟ (A.I.I.M.S.) ਨਵੀਂ ਦਿੱਲੀ, ਵਿੱਚ ਅਪਰੇਸ਼ਨ ਲਈ 3,60,000 (ਤਿੰਨ ਲੱਖ ਸੱਠ ਹਜ਼ਾਰ) ਰੁਪਏ ਦੀ ਸਹਾਇਤਾ ਦੀ ਲੋੜ ਹੈ। ਪਰਿਵਾਰ ਜਿਸ ਵਿਚ ਤਰਲੋਚਨ ਸਿੰਘ ਦੀ ਬੁੱਢੀ ਮਾਤਾ, ਪਤਨੀ ਤੇ ਨੌਜਵਾਨ ਬੇਟੀ ਹਨ, ਆਪਣੀ ਜਮ੍ਹਾਂ ਪੂੰਜੀ ਖਰਚ ਕਰਨ ਤੋਂ ਬਾਅਦ, ਉਨ੍ਹਾਂ ਦੀ ਪਤਨੀ ਦੀ 1500 ਰੁਪਏ ਦੀ ਤਨਖਾਹ ਤੇ ਨਿਰਭਰ ਹੈ। ਸਾਧ ਸੰਗਤ, ਦਾਨੀ ਸੱਜਣਾਂ, ਮਨੁੱਖਤਾ ਦੀ ਸੇਵਾ ਤੇ ਧਾਰਮਿਕ ਖੇਤਰ ਵਿੱਚ ਲੱਗੀਆਂ ਸੰਸਥਾਵਾਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਵੱਧ ਤੋਂ ਵੱਧ ਸਹਾਇਤਾ "Nishkam Sikh Welfare Council (Regd.) Medical A/c" ਦੇ ਨਾਂ ਤੇ ਚੈਕਾਂ/ਡਰਾਫਟਾਂ ਰਾਹੀਂ, ਨਿਸ਼ਕਾਮ ਭਵਨ, ਬੀ ਬਲਾਕ, ਤਿਲਕ ਵਿਹਾਰ, ਨਵੀਂ ਦਿੱਲੀ 110 018 (ਫੋਨ 5412601, 5101848) ਦੇ ਪਤੇ ਤੇ ਭੇਜ ਕੇ ਕ੍ਰਿਤਾਰਥ ਕਰੋ ਜੀ। ਨਿਸ਼ਕਾਮ ਨੂੰ ਦਿੱਤੀ ਗਈ ਸਹਾਇਤਾ ਨੂੰ ਇੰਨਕਮ ਟੈਕਸ ਐਕਟ ਦੇ ਸੈਕਸ਼ਨ 80G ਤਹਿਤ ਛੋਟ ਪ੍ਰਾਪਤ ਹੈ।

**BRANCHES**

**Mata Gujri Sukh Niwas, Vill. Khanpur, Kharar (Pb) Ph: 01888 - 245730, 245741, 601947**

**Guru Nanak Dev University, Amritsar (Pb) Ph: 0183 - 450605 Ext. 3130**

**528-R, Model Town, Yamuna Nagar (Haryana) Phone: 01732 - 31409, 33484**

- Registered under Societies Registration Act, 1860 (S-15907).
- Registered with Government of India for receiving donations in foreign currency from aborad
- Registered with Government of India for receiving donations in kind under the Indo-US/UK/Swiss/German/Swedish Agreements
- Registered under Section 12A(a) of Income Tax Act, 1961, Donations eligible for exemption under section 80-G
- Project fo Mata Gujri Sukh Niwas (Old-Age Home & Orphanage) registered under section 35AC. Donations to this project eligible for 100% exemption.

**PAGE SPONSORED BY : AHUJA FAMILY**

C-353, Defence Colony New Delhi 110 024

# ਜੋਗੁ ਬਨਿਆ ਤੇਰਾ ਕੀਰਤਨ ਗਾਈ।
# ਘੂੰਘਰ ਬਾਧਿ ਭਏ ਰਾਮਦਾਸਾ ਰੋਟੀਅਨ ਕੇ ਉਪਾਵਾ।।
# ਬਰਤ ਨੇਮ ਕਰਮ ਖਟ ਕੀਨੇ ਬਾਹਰਿ ਭੇਖ ਦਿਖਾਵਾ।।


## ਕਰਤਾਰ ਸਿੰਘ ਨੀਲਧਾਰੀ

162ਏ, ਗਰੇਨ ਮਾਰਕੀਟ, ਚੰਡੀਗੜ੍ਹ


ਜਦੋਂ ਕੀਰਤਨ ਦਾ ਜਿਕਰ ਹੋਵੇ ਤਾਂ ਸੰਗੀਤ ਪਰੰਪ੍ਰਾ ਦਾ ਅਤੀਤ ਖੋਜਣਾ ਜਰੂਰੀ ਹੋ ਜਾਂਦਾ ਹੈ। ਕੀਰਤਨ ਪਰੰਪਰਾ ਸਿੱਖ ਧਰਮ ਦੀ ਨਵੀਨ ਕਾਢ ਨਹੀਂ ਸਗੋਂ ਪ੍ਰਚਲਿਤ ਭਗਤੀ ਸਾਧਨਾ ਨੂੰ ਨਿਰੋਲ ਢੰਗ ਨਾਲ ਧਰਮ ਦਾ ਜਰੂਰੀ ਅੰਗ ਬਣਾਇਆ ਗਿਆ ਹੈ। ਸਿੱਖ ਧਰਮ ਦਾ ਫਲਸਫਾਈ ਪਿਛੋਕੜ ਹਿੰਦੂ ਧਰਮ ਹੈ ਅਤੇ ਇਸ ਧਰਮ ਦੇ ਅਵਤਾਰਾਂ, ਮਹਾਪੁਰਖਾਂ ਅਤੇ ਭਗਤਾਂ ਦੀ ਕਰਨੀ ਕਥਨੀ ਦਾ ਜਿਕਰ ਗੁਰਬਾਨੀ ਵਿਚ ਨਿਰਸੰਕੋਚ ਢੰਗ ਨਾਲ ਹੋਇਆ ਹੈ। ਗੁਰਬਾਣੀ ਵਿਚ ਇਸਲਾਮ ਦੀ ਪਰੀਭਾਸ਼ਕ ਵਿਆਖਿਆ ਕਰਕੇ ਇਸ ਦੇ ਨਿਰੋਲ ਸਰੂਪ ਦਾ ਜਿਕਰ ਜਰੂਰ ਹੋਇਆ ਹੈ। ਪਰ ਗੁਰਬਾਣੀ ਵਿਚ ਸ਼ੇਖ ਫਰੀਦ ਜੀ ਦੀ ਉਸ ਬਾਣੀ ਨੂੰ ਸ਼ਾਮਿਲ ਕੀਤਾ ਗਿਆ ਹੈ ਜਿਸ ਵਿਚ ਖੁਦਾ ਦੀ ਭਗਤੀ ਅਤੇ ਸਦਾਚਾਰੀ ਮਾਨਵਤਾ ਦਾ ਸ਼ੰਦੇਸ ਹੀ ਹੈ। ਸਿੱਖ ਧਰਮ ਦਾ ਫਲਸਫਾ (ਦਰਸਨ) ਬੇਸ਼ਕ ਹਿੰਦੂ ਧਰਮ ਦੇ ਛੇ ਦਰਸ਼ਨਾਂ ਦੇ ਗਿਆਨ ਤੋਂ ਨਿਆਰੀ ਤੇ ਵਿਲਖਣ ਰੂਪ ਰੱਖਦਾ ਹੈ ਪਰ ਇਸ ਦੇ ਸਾਰੇ ਬੀਜ ਹਿੰਦੂ ਧਰਮ ਤੋਂ ਖੋਜ ਜਾ ਸਕਦੇ ਹਨ।

*ਖਟੁ ਦਰਸ਼ਨ ਵਰਤੈ ਵਰਤਾਰਾ।। ਗੁਰ ਕਾ ਦਰਸਨੁ ਅਗਮ ਅਪਾਰਾ ।।*
*ਗੁਰ ਕੈ ਦਰਸਨ ਮੁਕਤਿ ਗਤਿ ਹੋਇ।। ਸਾਚਾ ਆਪ ਵਸੈ ਮਨ ਸੋਇ।।*

ਇਥੇ ਗੁਰੂ ਦੇ ਦਰਸ਼ਨ ਨਹੀਂ ਸਗੋਂ ਸਿਧਾਂਤ ਫਲਸਫੇ ਦਾ ਹੀ ਜਿਕਰ ਹੈ ਕਿਉਂਕਿ ਗੁਰਮਤਿ ਅਨੁਸਾਰ ਮੁਕਤੀ ਬਹੁਤ ਨੇੜੇ ਹੁੰਦੀ ਹੈ ਅਤੇ ਟੇਕ ਇੱਕ ਪਰਮਾਤਮਾ ਦੀ ਹੀ ਰੱਖੀ ਗਈ ਹੈ। ਵੇਦਾਂ ਸ਼ਾਸ਼ਤਰਾਂ ਦੀ ਰਿੜਕਨ ਵਿਚੋਂ ਰਿਸ਼ੀ ਗੁਰੂਆਂ ਦੇ ਸਿੱਖ ਰਿਸ਼ੀਆਂ ਨਾਲ ਹੋਏ ਸੰਵਾਦ ਨੂੰ ਵੱਖ ਵੱਖ ਵੇਦਾਂ ਦੀ ਵਿਚਾਰਧਾਰਾ ਜਾਂ ਵੇਦਾਂ ਵਿਚੋਂ ਵਰਤੇ ਗਏ ਸ਼ਲੋਕਾਂ ਬਾਰੇ ਜਾਣਕਾਰੀ ਦੇ ਕੇ ਸੰਦਰਭ ਪ੍ਰਸੰਗ ਦਾ ਖਲਾਸਾ ਕਰ ਦਿੰਦੇ ਹਨ। ਉਪਨਿਸ਼ਦਾਂ ਦੀ ਪਰੰਪਰਾ ਵਿਚ ਗੀਤਾ ਨੂੰ ਸਰਬ ਉੱਚ ਤੇ ਸ੍ਰੇਸ਼ਟ ਸਮਝਦੇ ਹੋਏ ਸੰਪੂਰਨ ਹੋ ਚੁੱਕੇ ਸ਼ਾਸ਼ਤਰਾਂ ਦਾ ਸਾਰ ਕਿਹਾ ਗਿਆ ਹੈ। ਇਸ ਗੀਤਾ ਨੂੰ ਭਗਵਾਨ ਸ੍ਰੀ ਕ੍ਰਿਸ਼ਨ ਨੇ ਹੀ ਮੁੱਖ ਰੂਪ ਵਿਚ ਉਚਾਰਿਆ ਹੈ। ਇਸ ਲਈ ਇਸ ਨੂੰ ਭਗਵਤ ਗੀਤਾ ਕਿਹਾ ਗਿਆ। ਇਸ ਵਿਚ ਕਾਵਿਕ ਗੀਤ ਸ਼ੈਲੀ ਨੂੰ ਸ਼ਲੋਕ ਰੂਪ ਵਿਚ ਉਚਾਰਿਆ ਗਿਆ ਹੈ ਅਤੇ ਇਸ ਦਾ ਗਾਇਨ ਸਰਲ ਤੇ ਸੰਭਵ ਹੈ। ਭਗਤਾਂ ਸੰਤਾਂ ਦਾ ਬਾਨੀ ਵਿਚ ਰਾਮ ਰਹਿਤ ਜੁਗਤ ਨਾਲ ਤਤਖਿਨ ਉਪਦੇਸ਼ ਰੂਪ ਵਿਚ ਉੱਤਰੀ ਬਾਣੀ ਨੂੰ ਸ਼ਲੋਕ ਹੀ ਕਿਹਾ ਜਾਂਦਾ ਹੈ ਅਤੇ ਰਾਗ ਸੁਰ ਨਾਲ ਉਤਰੀ ਬਾਣੀ ਨੂੰ ਸ਼ਬਦ ਕਿਹਾ ਜਾਂਦਾ ਹੈ।

ਪਰਾਣਿਕ ਸੰਦਰਭ ਵਿਚ ਦੇਖਿਆ ਜਾਵੇ ਤਾਂ ਸ੍ਰਿਸ਼ਟੀ ਕਰਤਾ ਭਗਵਾਨ ਬ੍ਰਹਮਾ ਦੀ ਸੰਗਿਨੀ ਸਰਸਵਤੀ ਜਾਂ ਸ਼ਾਰਦਾ ਦਾ ਸਾਜ਼ ਵੀਣਾ ਹੈ ਅਤੇ ਇਸ ਵਿਚ ਕੋਈ ਸ਼ੱਕ ਨਹੀਂ ਕਿ ਸ੍ਰਿਸ਼ਟੀ ਰਚਨਾ ਕਰਤਾ ਦੀ ਸੰਗੀਤ ਰਚਨਾ ਹੈ। ਉਂਝ ਵੀ ਰਚਨਾ ਦਾ ਆਰੰਭ ਓਮ ਦੀ ਧੁਨੀ ਤੋਂ ਮੰਨਿਆਂ ਜਾਂਦਾ ਹੈ। ਅੱਜ ਵੀ ਕੋਈ ਸੰਤ ਵਕਤਾ ਹਿਰਦੇ ਦੀ ਗਹਿਰਾਈਆਂ ਵਿਚੋਂ ਜਦੋਂ ਲੈ ਵਿਚ ਓਮ ਦਾ ਗਹਿਰ ਗੰਭੀਰ ਉਚਾਰਣ ਕਰਦਾ ਹੈ ਤਾਂ ਉਸ ਸੰਗੀਤ ਨਾਲ ਸ੍ਰੋਤਿਆਂ ਨੂੰ ਸੰਮੋਹਿਤ ਕਰ ਲੈਂਦਾ ਹੈ। ਬਹੁਤੇ ਸਾਧਕ ਪ੍ਰਚਾਰਕਾਂ ਨੇ ਅਜਿਹੀ ਧੁਨੀ ਦੀ ਸੰਮੋਹਨ ਸਿੱਧੀ ਨੂੰ ਪ੍ਰਾਪਤ ਕੀਤਾ ਹੁੰਦਾ ਹੈ ਤਾਂ ਹੀ ਹਜਾਰਾਂ ਦੇ ਪੰਡਾਲ ਸੁੰਨ ਸਮਾਧ ਹੋ ਕੇ ਪ੍ਰਵਚਨ ਸੁਣਦੇ ਹਨ। ਜਿਹੜੇ ਰਾਗੀਆਂ ਜਾਂ ਕੀਰਤਨੀਆਂ ਨੇ ਸੰਜਮ ਭਰੇ ਭਗਤੀ ਭਾਵ ਨਾਲ ਜੀਵਨ ਸਾਧਿਆ ਹੈ ਉਨ੍ਹਾਂ ਦੇ ਕੀਰਤਨ ਵਿਚ ਸੂਈ ਡਿੱਗੀ ਦਾ ਖੜਾਕ ਵੀ ਪਰੇਸ਼ਾਨ ਕਰਦਾ ਹੈ। ਅਜਿਹਾ ਕੀਰਤਨ ਸ਼ਬਦ ਦੇ ਉਨ੍ਹਾਂ ਰਾਹਾਂ ਤੇ ਤੋਰਦਾ ਹੈ ਜਿਥੋਂ ਇਹ ਬ੍ਰਹਮ ਬਾਣੀ ਜਾਂ ਸ਼ਬਦ ਉਤਰਿਆ ਹੈ। ਇਸੇ ਲਈ:-

*ਗੁਰਮਤਿ ਸਾਚੀ ਸ਼ਬਦੁ ਹੈ ਸਾਰੁ।। ਹਰਿ ਕਾ ਨਾਮ ਰਖੈ ਉਰਿ ਧਾਰਿ।। (ਪੰਨਾ 1276)*

ਸ੍ਰਿਸਟੀ ਦੇ ਭਰਤਾ (ਪਾਲਨ ਹਾਰੇ) ਭਗਵਾਨ ਵਿਸਨੂ ਦੇ ਚਾਰ ਹੱਥਾਂ ਵਿਚ ਗਦਾ, ਚੱਕਰ, ਪੇਦਮ ਤੇ ਸੰਖ ਹਨ। ਇੱਥੇ ਸੰਖ ਤਾਲ ਪੂਰਨ ਵਾਲਾ ਇਕ ਸਾਜ਼ ਹੈ ਜੋ ਆਪਣੀ ਧੁਨੀ ਨਾਲ ਹੀ ਸੰਸਾਰ ਦੀ ਪਾਲਨਾ ਕਰਨ ਵਿਚ ਸਮਰਥ ਹੈ। ਵੀਣਾ ਦੇ ਸੁਰਾਂ ਨਾਲ ਸ੍ਰਿਸ਼ਟੀ ਰਚੀ ਜਾਂਦੀ ਹੈ ਤਾਂ ਸੰਖ ਦੇ ਨਾਦ ਤਾਲ ਨਾਲ ਇਸ ਦੀ ਪ੍ਰਤੀਪਾਲਨਾ ਕੀਤੀ ਜਾਂਦੀ ਹੈ। ਤੀਜੇ ਸ੍ਰਿਸ਼ਟੀ ਸੰਘਾਰ ਲਈ ਰਖੇ ਗਏ ਭਗਵਾਨ ਸ਼ਿਵ ਜਾਂ ਮਹਾਂਦੇਵ ਦੇ ਹੱਥਾਂ ਵਿਚ ਡਮਰੂ ਹੈ ਜੋ ਡਮਰੂ ਵਜਾਂਦੇ ਹੋਏ ਜੀਵਾਂ ਦੀ ਜੀਵਨ ਲੀਲਾ ਖਤਮ ਕਰਦੇ ਹੋਏ ਡਮਰੂ ਵਜਾ ਕੇ ਕਹਿੰਦੇ ਹਨ ਜੀਵਾਤਮਾ ਚਲ ਤੇਰਾ ਰਾਸ਼ਨ ਕੋਟਾ ਖਤਮ ਹੋ ਗਿਆ ਹੈ। ਚਲ ਆਪਣੇ ਕਰਮਾਂ ਦਾ ਲੇਖਾ ਦੇ ਕੇ ਅਗਲੀ ਜੂਨ ਦੀ ਤਿਆਰੀ ਕਰ।

ਉਪਰੋਕਤ ਸੰਦਰਭ ਵਿਚ ਅਸੀਂ ਦੇਖਦੇ ਹਾਂ ਕਿ ਸ੍ਰਿਸ਼ਟੀ ਰਚਨਾ, ਪਾਲਨਾ ਤੇ ਸੰਘਾਰ ਉਸ ਪ੍ਰਮਾਤਮਾ ਦੇ ਕੀਰਤਨ ਦੀ ਹੀ ਇਕ ਰਾਗ ਯੁਕਤ ਜਾਂ ਸੰਗੀਤਕ ਪੇਸ਼ਕਾਰੀ ਹੈ। ਉਸ ਪਾਰਬ੍ਰਹਮ ਪੂਰਨ ਬ੍ਰਹਮ ਦੇ ਬਣਾਏ ਹੋਏ ਇਹ ਤਿੰਨ ਅਧਿਕਾਰੀ ਭਗਵਾਨ ਬ੍ਰਹਮਾ-ਬਿਸ਼ਨ-ਮਹੇਸ਼ ਆਪਣੀ ਬੀਣਾ, ਸੰਖ ਅਤੇ ਡਮਰੂ ਨੂੰ ਉਸੇ ਸੁਰ ਤਾਲ ਵਿਚ ਵਜਾ ਰਹੇ ਹਨ ਜਿਸ ਤਰ੍ਹਾਂ ਦਾ ਹੁਕਮ ਇਨ੍ਹਾਂ ਨੂੰ ਮਿਲਦਾ ਹੈ। ਗੁਰਬਾਣੀ ਅਨੁਸਾਰ ਉਹ ਬ੍ਰਹਮ ਇਹਨਾਂ ਨੂੰ ਦੇਖ ਰਿਹਾ ਹੈ ਪਰ ਇਹ ਉਸਨੂੰ ਨਹੀਂ ਦੇਖ ਸਕਦੇ -

*ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ॥*
*ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ॥*
*ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ॥*
*ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ॥*

(ਜਪੁਜੀ 30 ਵੀਂ ਪਾਉੜੀ)

ਸਿਸ਼ਟੀ ਕਰਤਾ ਦੀ ਇਸ ਅਲੋਕਿਕਤਾ ਕਾਰਣ ਹੀ ਇਸ ਨੂੰ ਇਹੁ ਜਗੁ ਸਚੈ ਕੀ ਹੈ ਕੋਠੜੀ" ਕਿਹਾ ਗਿਆ ਹੈ। ਧਨਾਸਰੀ ਰਾਗ ਵਿਚ ਗਾਈ ਹੋਈ ਆਰਤੀ ਰਾਗ ਅਨੁਸ਼ਾਸਨ ਅਨੁਸਾਰ ਸ਼ਾਮ (ਸੰਧਿਆ ਸਮੇਂ) ਦੀ ਰਚਨਾ ਹੈ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਸੋਮਨਾਥ ਪੁਰੀ ਦੇ ਮੰਦਿਰ ਦੇ ਪੁਜਾਰੀਆਂ ਨੂੰ ਗੁਰਮਤਿ ਉਪਦੇਸ਼ ਦੇਣ ਲਈ ਗਾਈ ਸੀ। ਇਸ ਰਚਨਾ ਨੂੰ ਸੰਤ ਕਵੀ ਰਵੀਂਦਰ ਨਾਥ ਟੈਗੋਰ ਵਰਗੇ ਮਨੀਸ਼ੀ ਨੇ ਸਰਬੋਤਮ ਪ੍ਰਭੂ ਆਰਤੀ ਸਵੀਕਾਰ ਕੀਤਾ ਹੈ-

*ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ॥ ਤਾਰਿਕਾ ਮੰਡਲ ਜਨਕ ਮੋਤੀ॥*
*ਧੂਪੁ ਮਲਆਨਲੋ ਪਵਣੁ ਚਵਰੋ ਕਰੇ॥ ਸਗਲ ਬਨਰਾਇ ਫੂਲੰਤ ਜੋਤੀ॥*
*ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ॥ ਅਨਹਤਾ ਸ਼ਬਦ ਵਾਜੰਤ ਭੇਰੀ॥ ਰਹਾਉ*

(ਪੰਨਾ 663)

ਹਿੰਦੂ ਫਲਸਫੇ ਅਨੁਸਾਰ ਨਾਰਦ ਇੱਕ ਐਸਾ ਭਗਤ ਹੈ ਜੋ ਸਦਾ ਵੀਣਾ ਵਜਾ ਕੇ ਭਗਵਾਨ ਦੀ ਆਰਤੀ ਉਸਤਤਿ ਕੀਰਤਨ ਕਰਦਾ ਰਹਿੰਦਾ ਹੈ। ਵੀਣਾ ਪਾਣੀ ਨਾਰਦ ਨੂੰ ਸਰਾਪ ਹੈ ਕਿ ਉਹ ਢਾਈ ਘੜੀਆਂ ਤੋਂ ਵੱਧ (ਤਕਰੀਬਨ ਇਕ ਘੰਟਾ 56 ਮਿੰਟ 15 ਸੈਕਿੰਡ) ਇਕ ਥਾਂ ਤੇ ਟਿਕ ਕੇ ਨਹੀਂ ਰਹਿ ਸਕਦਾ। ਅਜਿਹਾ ਕਰੇ ਤਾਂ ਉਸ ਦੇ ਢਿੱਡ ਵਿਚ ਪੀੜ ਹੋ ਜਾਂਦੀ ਹੈ ਬਹੁਤੇ ਪੋਰਾਣਿਕ ਪਰਸੰਗਾਂ ਵਾਂਗ ਇਹ ਪ੍ਰਸੰਗ ਵੀ ਪ੍ਰਤੀਕਾਤਮਕ ਸ਼ੰਦੇਸ਼ ਦਿੰਦਾ ਹੈ। ਨਾਰਦ ਜੀ ਬ੍ਰਹਮਵੇਤਾ ਭਗਤ ਹਨ ਇਸੇ ਲਈ ਸਭ ਥਾਂ ਰੱਬ ਦਾ ਸ਼ੰਦੇਸ਼ ਅਤੇ ਹੋਣੀ ਦਾ ਅੰਦੇਸ਼ ਪੁਚਾਂਦੇ ਰਹਿੰਦੇ ਹਨ। ਜੇਕਰ ਬਹੁਤੀ ਦੇਰ ਇਕ ਥਾਂ ਟਿਕੇ ਰਹਿਣਗੇ ਤਾਂ ਉਸ ਥਾਂ ਤੇ ਮਾਹੌਲ ਨਾਲ ਮੋਹ ਪੈ ਜਾਏਗਾ ਫੇਰ ਉਹ ਵੀਤਰਾਗੀ ਤਿਆਗੀ ਨਹੀਂ ਰਹਿ ਜਾਣਗੇ। ਉਹ ਚੱਕਰਵਰਤੀ ਹੋ ਕੇ ਬ੍ਰਹਮਕੀਰਤਨ ਵਿਚ ਲਿਪਤ ਰਹਿੰਦੇ ਹਨ ਤਾਂ ਹੀ ਸਰੀਰ ਜਾਂ ਪੇਟ ਵਲੋਂ ਵਿਦੇਹ ਹੁੰਦੇ ਹਨ। ਸੰਸਾਰੀ ਵਾਰਤਾਲਾਪ ਵਿਚ ਜ਼ਿਆਦਾ ਸਮਾ ਦੇਣਗੇ ਤਾਂ ਸਰੀਰ ਦੀਆਂ ਭੌਤਿਕ ਲੋੜਾਂ ਵੀ ਜਾਗ ਪੈਣਗੀਆਂ। ਇਸੇ ਤਰ੍ਹਾਂ ਜਿਹੜੇ ਰੱਬ ਰੱਤੇ ਕੀਰਤਨੀਏ ਤਨਮਇਤਾ ਨਾਲ ਕੀਰਤਨ ਕਰਦੇ ਹਨ ਤਾਂ ਉਨ੍ਹਾਂ ਦੀਆਂ ਨਿੱਜੀ ਤੇ ਸ੍ਰੋਤਿਆਂ ਦੀਆਂ ਸਰੀਰਕ ਲੋੜਾਂ ਵਿਸਰ ਜਾਂਦੀਆਂ ਹਨ। ਇਹ ਗੁਰੂਬਾਣੀ ਦਾ ਬ੍ਰਹਮਰਸ ਜਾਂ ਅੰਮ੍ਰਿਤਧਾਰਾ ਵੱਲ ਰੁਚਿਤ ਕਰਨ ਦਾ ਕਾਰਨ ਹੈ।

ਸਿੱਖ ਧਰਮ ਦਾ ਜਿਕਰ ਕੀਰਤਨ ਤੋਂ ਬਗੈਰ ਅਧੂਰਾ ਹੈ ਕਿਉਂ ਕਿ ਗੁਰਸਿੱਖ ਦਾ ਜੀਵਨ ਸਿਮਰਨ ਵਿਚ ਲੱਗ ਜਾਵੇ ਤਾਂ ਪਾਠ ਕਰਨਾ, ਪਾਠ ਸੁਣਨਾ, ਕੀਰਤਨ ਕਰਨਾ, ਕੀਰਤਨ ਸੁਣਨਾ, ਕਥਾ ਕਰਨੀ ਜਾਂ ਸੁਣਨੀ, ਸਤਿਸੰਗ

ਸੰਗਤ ਵਿਚ ਜਾਣਾ, ਲੰਗਰ ਪਕਾਣਾ ਤੇ ਪੰਗਤ ਵਿੱਚ ਜੁੜਨਾ ਸਭ ਕੀਰਤਨ ਦਾ ਹੀ ਅੰਗ ਬਣ ਜਾਂਦੇ ਹਨ। ਸੰਗਤ ਵਿਚ ਸੰਗੀਤ ਦੇ ਸੁਰ ਤਾਲ ਨਾਲ ਹੋ ਰਹੇ ਕੀਰਤਨ ਨਾਲ ਪਕਿਆ ਤੇ ਗੁਰੂ ਪ੍ਰੇਮੀਆਂ ਰਾਹੀਂ ਪਕਾਇਆ ਦਾਲ ਪ੍ਰਸਾਦਾ ਛੱਤੀ ਪ੍ਰਕਾਰਾਂ ਦੇ ਭੋਜਨਾਂ ਤੋਂ ਵੀ ਵੱਧ ਸੁਆਦੀ ਹੋ ਕੇ ਸਭ ਸਟਾਰ ਹੋਟਲਾਂ ਦੇ ਖਾਣੇ ਨੂੰ ਅੰਨ ਦਾ ਉਜਾੜਾ ਸਿੱਧ ਕਰਦਾ ਹੈ। ਗੁਰੂ ਕਾ ਲੰਗਰ ਗੁਰੂ ਨਾਲ ਜੋੜਦਾ ਹੈ ਇਸੇ ਲਈ ਮਹਾਪੁਰਸ਼ਾਂ ਨੇ ਕਿਹਾ ਹੈ- ਲੰਗਰ ਵਲ ਮੂੰਹ ਵੀ ਨਾ ਕਰ ਤੇ ਲੰਗਰ ਵੱਲ ਪਿੱਠ ਵੀ ਨਾ ਕਰ। ਭਾਵ ਸੁਆਦ ਲਈ ਪੇਟ ਨਾ ਭਰੀ ਜਾਓ ਕੇਵਲ ਗੁਰੂ ਦਾ ਪ੍ਰਸ਼ਾਦ ਸਮਝ ਕੇ ਆਦਰ ਨਾਲ ਪ੍ਰਾਪਤ ਕਰੋ ਤੇ ਛਕੋ। ਇਸ ਦਾ ਨਿਰਾਦਰ ਕਰਨਾ ਜੂਠਾ ਛਡਣਾ ਜਾਂ ਛਕਣ ਲਗਿਆਂ ਸਿਮਰਨ ਨਾ ਕਰਨਾ ਹੀ ਇਸ ਵੱਲ ਪਿੱਠ ਹੈ। ਗੁਰ ਸਿੱਖੀ ਵਿਚ ਸੰਗਤ ਦੇ ਨਾਲ ਪੰਗਤ ਵੀ ਸੁਰ ਬੱਧ ਹੈ ਅਤੇ ਇਸ ਜੀਵਨ ਸੁਰ ਤਾਲ ਨੂੰ ਹੀ ਮਰਯਾਦਾ ਦਾ ਨਾਮ ਦਿੱਤਾ ਗਿਆ ਹੈ।

*ਗੁਰ ਕੀ ਮਤਿ ਤੂ ਲੈ ਇਆਨੇ॥ ਭਗਤਿ ਬਿਨਾ ਬਹੁ ਡੂਬੇ ਸਿਆਨੇ॥* (ਪੰਨਾ 288)

ਕਿਉਂਕਿ ਗੁਰਮਤਿ ਨਾਲ ਰਿੜਕੇ ਦਹੀ (ਵਾਰਤੀ ਦੇਹੀ) ਵਿਚੋਂ ਅੰਮ੍ਰਿਤ ਮੱਖਣ ਆਤਮ ਪ੍ਰਕਾਸ ਪ੍ਰਾਪਤ ਹੁੰਦਾ ਹੈ। ਸੁਪਨੇ ਵਤ ਸੰਸਾਰ ਵਿਚ ਰੁਚਿਤ ਹੋ ਕੇ ਕੀਤੇ ਕਰਮ ਕੇਵਲ ਪਾਣੀ ਵਿਚ ਮਧਾਣੀ ਪਾ ਰਹੇ ਹਨ-

*ਜਲ ਬਿਲੋਵੈ ਮਥੇ ਤਤੁ ਲੋੜੈ ਅੰਧੁ ਅਗਿਆਨਾ॥*
*ਗੁਰਮਤੀ ਦੁਧਿ ਮਥੀਐ ਅੰਮ੍ਰਿਤ ਪਾਈਐ ਨਾਮ ਨਿਧਾਨਾ॥* (ਪੰਨਾ 1009)

ਸੰਗਤ ਦੀ ਲੋੜ ਜੀਵਾਤਮਾ ਖੋਜ ਜਾਂ ਪਰਲੋਕ ਸੋਝੀ ਕਾਰਣ ਹੁੰਦੀ ਹੈ ਪਰ ਪੰਗਤ ਦੀ ਲੋੜ ਸਰੀਰਕ ਲੋੜ ਲਈ ਹੈ। ਜੇਕਰ ਸਰੀਰ ਸੁਅਸਥ ਤੇ ਸੁਡੋਲ ਨਾ ਹੋਵੇ ਤਾਂ ਮਨ ਵੀ ਚਿੰਤਾਗ੍ਰਸਤ ਹੁੰਦਾ ਹੈ। ਅੰਗਰੇਜੀ ਕਹਾਵਤ ਅਨੁਸਾਰ ਸੁਡੌਲ ਸਰੀਰ ਵਿਚ ਸੁਡੌਲ ਮਨ ਜਾਂ ਚਿੱਤ (ਮਾਈਂਡ) ਹੁੰਦਾ ਹੈ ਮਨੁਖਾ ਸਰੀਰ ਹੀ ਬ੍ਰਹਮ ਖੋਜ ਅਤੇ ਬ੍ਰਹਮ ਪ੍ਰਾਪਤੀ ਲਈ ਸਮਰਥ ਹੈ -

*ਨਉ ਨਿਧਿ ਅੰਮ੍ਰਿਤ ਪ੍ਰਭ ਕਾ ਨਾਮੁ॥ ਦੇਹੀ ਮਹਿ ਇਸ ਕਾ ਬਿਸ੍ਰਾਮ॥* (ਪੰਨਾ 292)

ਇਸ ਮਨੁਖੀ ਕਾਇਆ ਦੀ ਹੋਰ ਉਪਮਾ ਦੇਖ ਤੇ ਇਸ ਦੀ ਵਿਲਖਣਤਾ ਵਿਚਾਰ-

*ਕਾਇਆ ਕੋਟਿ ਅਪਾਰੁ ਹੈ ਮਿਲਣਾ ਸੰਜੋਗੀ॥*
*ਕਾਇਆ ਅੰਦਰਿ ਆਪ ਵਸਿ ਰਹਿਆ ਆਪੇ ਰਸ ਭੋਗੀ॥* (ਪੰਨਾ 514)

ਜੀਵਾਤਮਾ ਇਸ ਮਨੁਖੀ ਜਾਮੇ ਵਿਚ ਪ੍ਰਮਾਤਮਾ ਦਾ ਅੰਸ਼ ਬਣ ਕੇ ਵਿਚਰ ਰਹੀ ਹੈ ਤੇ ਉਸ ਧਰਮ ਦੀ ਜੋਤਿ ਦੀ ਵਿਦਮਾਨਤਾ ਕਰਕੇ ਹੀ ਪ੍ਰਾਣੀ ਜੀਵਤ ਹੈ। ਜਦੋਂ ਉਹ ਜੋਤਿ ਪ੍ਰਾਣ ਵਾਯੂ ਬਣ ਕੇ ਸਰੀਰ ਤਿਆਗ ਜਾਂਦੀ ਹੈ ਤਾਂ ਇਹ ਪ੍ਰਾਣੀ ਮ੍ਰਿਤਕ ਹੋ ਜਾਂਦਾ ਹੈ।

*ਜਬ ਲਗੁ ਜੋਬਨਿ ਸਾਸੁ ਹੈ ਤਬ ਲਗੁ ਇਹੁ ਤਨਦੇਹ॥*
*ਬਿਨੁ ਗੁਣ ਕਾਮਿ ਨ ਆਵਈ ਢਹਿ ਢੇਰੀ ਤਨੁ ਖੇਹ॥* (ਪੰਨਾ 20)

ਇਸ ਸਰੀਰ ਵਿਚ ਪਵਨ ਦਾ ਵਾਜਾ ਵੱਜਦਾ ਹੈ ਤਾਂ ਇਹ ਸਰੀਰ ਚੱਲਦਾ ਹੈ। ਜਿਨ੍ਹਾਂ ਤੇ ਇਸ ਪਵਨ ਵਾਜੇ ਨੂੰ ਸਿਮਰਨ ਦੀਆਂ ਸੁਰਾਂ ਨਾਲ ਸੁਰਬੱਧ ਕਰ ਲਿਆ ਹੈ। ਉਹ ਕਾਇਆ ਦੀਆਂ ਭੌਤਿਕ ਚਿੰਤਾਵਾਂ ਤੋਂ ਮੁਕਤ ਰੱਬ ਦੇ ਰੰਗਾਂ ਦਾ ਰਸ ਲੈਣਾ ਸ਼ੁਰੂ ਕਰ ਦਿੰਦੇ ਹਨ। ਅਜਿਹੀ ਸੁਰਬੱਧਤਾ ਲਈ ਗੁਰਬਾਣੀ ਦਾ ਰਾਗ ਕੀਰਤਨ ਸਿੱਧਾ ਉਸ ਦੇਸ਼ ਵੱਲ ਲੈ ਜਾਂਦਾ ਹੈ ਜਿਥੋਂ ਬਾਣੀ ਆਈ ਹੈ। ਦਸਮੇਸ਼ ਪਿਤਾ ਜੀ ਦੀ ਇਕ ਸਾਖੀ ਹੈ-

ਦਮਦਮਾ ਮਾਲਵੇ ਵਿਚ ਗੁਰੂ ਜੀ ਪਾਸ ਇਕ ਨਵਾਂ ਸਾਧ ਆਇਆ ਅਤੇ ਕਿਸੇ ਪੰਛੀ ਦੇ ਦੋ ਪਰ ਭੇਟਾ ਕਰ ਗਿਆ। ਸੰਗਤਾਂ ਨੇ ਹੈਰਾਨ ਹੋ ਕੇ ਉਸ ਸੇਵਕ ਤੇ ਭੇਟਾ ਬਾਰੇ ਗੁਰੂ ਜੀ ਨੂੰ ਪੁਛਿਆ। ਗੁਰੂ ਜੀ ਨੇ ਦੱਸਿਆ ਕਿ ਇਹ ਨਾਰਦ ਮੁਨੀ ਸਨ ਜੋ ਹੁਮਾ ਪੰਛੀ ਦੇ ਦੋ ਪਰ ਭੇਟਾ ਕਰ ਗਏ ਹਨ। ਇਹ ਪੰਛੀ ਸੁਅਰਗ ਦਾ ਹੈ ਤੇ ਇਨ੍ਹਾਂ ਪਰਾਂ ਨੂੰ ਤੀਰ ਨਾਲ ਬੰਨ੍ਹ ਕੇ ਛੱਡੋ ਤਾਂ ਤੀਰ ਨੂੰ ਸੁਅਰਗ ਵਿਚ ਲੈ ਜਾਏਗਾ। ਗੁਰੂ ਜੀ ਨੇ ਸਿੱਖਾਂ ਨੂੰ ਚਹੁੰ ਪਾਸੇ ਦੂਰ-ਦੂਰ ਤੱਕ ਖਲ੍ਹਾਰ ਕੇ ਤੀਰਾਂ ਨਾਲ ਪਰ ਲਗਾ ਕੇ ਤੀਰ ਚਲਾਏ ਪਰ ਕਿਸੇ ਸਿੱਖ ਨੂੰ ਧਰਤੀ ਵੱਲ ਚਲੇ ਤੀਰ ਨਾ ਲੱਭੇ। ਗੁਰੂ ਜੀ ਨੇ ਦੱਸਿਆ ਕਿ ਇਸੇ ਤਰ੍ਹਾਂ ਜਦੋਂ ਸੁਰਤਿ ਗੁਰਬਾਣੀ ਸ਼ਬਦ ਦੀ ਸਵਾਰੀ ਕਰਕੇ ਚਲਦੀ ਹੈ ਤਾਂ ਉਸ ਦੇਸ ਵਿਚ ਪੁਜਦੀ ਹੈ ਜਿਥੋਂ ਗੁਰਬਾਣੀ ਉਤਰੀ ਹੈ- ਇਥੇ ਸ਼ਬਦ ਗੁਰੂ ਸੁਰਤਿ ਧੁਨਿ ਚੇਲਾ ਸਾਰਥਕ ਹੁੰਦੀ ਹੈ-

1. *ਸੁਰਤੀ ਸੁਰਤਿ ਰਲਾਈਐ ਏਤੁ॥ ਤਨੁਕਰਿ ਤੁਲਹਾ ਲੰਘਹਿ ਜੇਤੁ॥* (ਪੰਨਾ 878)

2. *ਕਾਇਆ ਕੰਚਨ ਸਬਦੁ ਬੀਚਾਰਾ॥*
*ਤਿਥੈ ਹਰਿ ਵਸੈ ਜਿਸ ਦਾ ਅੰਤੁ ਨ ਪਾਰਾਵਾਰਾ॥* (ਪੰਨਾ 1064)

3. *ਦੇਹੀ ਕਾਚੀ ਪਉਣ ਵਜਾਏ ਗੁਰਮੁਖਿ ਅੰਮ੍ਰਿਤ ਪਾਹੀ॥* (ਪੰਨਾ 1260)

4. *ਅੰਦਰੁ ਖੋਜੇ ਸਬਦੁ ਸਾਲਾਹੇ ਬਾਹਰਿ ਕਾਹੇ ਜਾਹਾਰੇ॥* (ਪੰਨਾ 1056)

5. *ਵਿਸਰੁ ਨਾਹੀ ਦਾਤਾਰ ਅਪਣਾ ਨਾਮੁ ਦੇਹ॥*
*ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ॥* (ਪੰਨਾ 762)

ਉਂਝ ਉਸ ਪ੍ਰਮਾਤਮਾ ਦੀ ਸਿਫਤ ਕੋਈ ਕੀ ਕਰ ਸਕਦਾ ਹੈ ਪਰ ਇਸ ਜੀਵ ਦਾ ਕੰਮ ਤਾਂ ਇਹ ਹੈ ਕਿ ਜਿਸ ਤੋਂ ਵਿਛੜ ਕੇ ਆਇਆ ਹੈ ਉਸ ਨੂੰ ਮਿਲਣ ਦੀ ਤਲਬ ਰੱਖੇ। ਇਹ ਤਲਬ ਜਦੋਂ ਭੌਤਿਕ ਸੰਸਾਰ ਤੋਂ ਨਿਰਲੇਪ ਕਰ ਕੇ ਪ੍ਰਮਾਤਮਾ ਵੱਲ ਪ੍ਰਵਿਰਤ ਕਰਦੀ ਹੈ ਇਸ ਨੂੰ ਤਿਆਗ ਕਿਹਾ ਗਿਆ ਹੈ ਪਰ ਗੁਰਬਾਣੀ ਵਿਚ ਗੁਰਮੁੱਖ ਮਾਇਆ ਵਿਚ ਉਦਾਸੀ ਦਾ ਸਿਧਾਂਤ ਜਾਂ ਫਲਸਫਾ ਸਮਝਾਇਆ ਗਿਆ ਹੈ। ਇਸ ਜੀਵਨ ਨੂੰ ਗੁਰਮਤਿ ਦੇ ਸੰਗੀਤ ਵਿਚ ਤਾਲਬੱਧ ਕਰਕੇ ਜਿਊਣਾ ਹੈ।

ਗੁਰਬਾਣੀ ਗੁਰਮਤਿ ਦਾ ਸਾਰਾ ਪਿਛੋਕੜ ਗ੍ਰੰਥਾਂ ਦੇ ਸਾਰ ਭਗਵਤ ਗੀਤਾ ਵਿਚ ਮਿਲ ਜਾਂਦਾ ਹੈ। ਮੂਲ ਸੰਸਕ੍ਰਿਤ ਨਾ ਆਉਂਦੀ ਹੋਵੇ ਤਾਂ ਅਨੁਵਾਦ ਪੜ੍ਹ ਕੇ ਵੀ ਸਿਧਾਂਤਮਕ ਸਮਾਨਾਂਤਰਤਾ ਦੀ ਸੋਝੀ ਹੋ ਜਾਂਦੀ ਹੈ। ਗੀਤਾ ਦੇ ਸਿਰਜਕ ਭਗਵਾਨ ਕ੍ਰਿਸ਼ਨ ਨੇ ਤਿੰਨ ਯੁਗਾਂ ਤੋਂ ਚਲੇ ਆ ਰਹੇ ਬ੍ਰਹਮਾ ਦੇ ਮੁੱਖ ਬਣੇ ਬ੍ਰਾਹਮਣਾਂ ਵਲੋਂ ਬ੍ਰਹਮ-ਉਪਦੇਸ ਦੇਣ ਦੇ ਅਧਿਕਾਰ ਨੂੰ ਕ੍ਰਾਂਤੀਕਾਰੀ ਚੁਨੌਤੀ ਦਿਤੀ। ਇਹ ਚੁਨੌਤੀ ਹੀ ਮਗਰੋਂ ਕ੍ਰਿਸਨ ਭਗਤੀ ਲਹਿਰ ਬਣ ਕੇ ਸਿਰਗੁਣ ਤੋਂ ਨਿਰਗੁਣ ਵੱਲ ਜਾਣ ਦੀ ਸਟੇਜ ਬਣੀ। ਦੱਖਣ ਦੇ ਅਲਵਾਰ ਤੇ ਅੜਿਯਾਰ ਭਗਤ ਜਾਤੀ ਭਾਵਨਾ ਤੋਂ ਮੁਕਤ ਸਨ। ਇਹ ਭਗਤੀ ਲਹਿਰ ਪੰਡਰ ਪੁਰ ਵਿਚ ਭਗਤ ਨਾਮ ਦੇਵ (ਛੀਬਾਂ) ਤੇ ਗੋਰਾ ਕੁਮਹਾਰ ਵਰਗੇ ਦਲਿਤ ਤੇ ਸਮਾਜ ਸੇਵੀਆਂ ਵੱਲੋਂ ਪ੍ਰਫੁਲਿਤ ਹੋਕੇ ਸਵਾਮੀ ਰਾਮਾਨੰਦ ਰਾਹੀਂ ਕਾਂਸੀ ਦੀ ਸ਼ਿਵ ਨਗਰੀ ਵਿਚ ਪੁੱਜ ਕੇ ਸੰਤ ਕਬੀਰ, ਸੰਤ ਰਵੀਦਾਸ ਪੀਪਾ ਜੀ, ਸਧਨਾ ਜੀ ਤੇ ਹੋਰ ਸਿਰਮੌਰ ਭਗਤਾਂ ਦੀ ਸਿਰਜਨ ਹਾਰ ਬਣੀ।

ਭਗਵਾਨ ਕ੍ਰਿਸਨ ਦਾ ਬਚਪਨ ਗਊਪਾਲਕ ਅਹੀਰਾਂ (ਵੈਸ਼ਿਆਂ) ਵਿਚ ਗੁਜਰਿਆ। ਮਗਰੋਂ ਖਤਰੀ ਧਰਮ ਦੇ ਸਰਬਸ੍ਰੇਸਟ ਯੋਧਾ ਪਰਵਾਨੇ ਗਏ। ਮਹਾਂਭਾਰਤ ਦੇ ਯੁੱਧ ਵਿਚ ਸ਼ਸ਼ਤਰ ਤਿਆਗ ਦੀ ਪ੍ਰਤਿਗਿਆ ਨਾਲ ਅਰਜੁਨ ਦੇ ਰਥਵਾਨ (ਸੂਤ ਕਾਰਜ-ਸੇਵਾ ਧਰਮੀ) ਬਣ ਕੇ ਪ੍ਰਵੇਸ ਕੀਤਾ। ਮੋਹਗ੍ਰਸਤ ਅਰਜੁਨ ਨੂੰ ਗੁਰੂ ਭਾਵ ਵਿਚ ਧਰਮਸਿਖਿਆ ਦੇ ਕੇ ਕਰਮਯੋਗ ਵਿਚ ਪ੍ਰਵਿਰਤ ਕੀਤਾ। ਕੇਵਲ ਇੱਕ ਪਹਿਰ ਦੇ ਸਮੇਂ ਗਿਆਨ, ਵੈਰਾਗ, ਯੋਗ ਤੇ ਕਰਮ ਦਾ ਉਪਦੇਸ਼ ਦੇ ਕੇ ਮਹਾਂਭਾਰਤ ਵਿਚ ਪ੍ਰਵਿਰਤ ਕੀਤਾ। ਗੀਤਾ ਦਾ ਮੁੱਖ ਸੁਰ ਹੈ ਕਿ ਭਗਵਾਨ ਕ੍ਰਿਸ਼ਨ ਹੀ ਬ੍ਰਹਮ ਰੂਪ ਵਿਚ ਸਾਰਾ ਜਗਤ ਤਮਾਸ਼ਾ ਕਰਦੇ ਹਨ ਤੇ ਉਨ੍ਹਾਂ ਦੇ ਹੁਕਮ ਵਿਚ ਸਭ ਕੁਝ ਹੋ ਰਿਹਾ ਹੈ ਸੱਤ ਕੇਵਲ ਬ੍ਰਹਮ ਹੈ ਅਤੇ ਬਾਕੀ ਸੁਪਨੇ ਜਿਉਂ ਸੰਸਾਰ ਕੂੜ ਹੈ। ਇਹ ਸੁਰ ਗੁਰਬਾਣੀ ਦਾ ਮੂਲ ਅਤੇ ਸਾਰ ਹੈ।

ਕਿਵ ਸਚਿਆਰਾ ਹੋਈਐ?
ਕਿਵ ਕੂੜੇ ਤੂਟੈ ਪਾਲਿ?
*ਹੁਕਮ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥*

ਇਸ ਗੁਰਮਤਿ ਸੁਰ ਤੇ ਤਾਲ ਦੇਣ ਵਾਲਾ ਗੁਰਸਿੱਖ ਹੀ ਜੀਵਨ ਕੀਰਤਨ ਦਾ ਆਨੰਦ ਲੈਂ ਕੇ ਆਨੰਦ ਅੰਮ੍ਰਿਤ ਲੋਕ ਵਿਚ ਪ੍ਰਵੇਸ ਕਰਦਾ ਹੈ।

*ਮਹਾਂ ਅਨੰਦ ਗੁਰ ਸਬਦੁ ਵੀਚਾਰੁ॥ ਪ੍ਰਿਅ ਸਿਉ ਰਾਤੀ ਧਨ ਸੋਹਾਗਣਿ ਨਾਰਿ॥* (ਪੰਨਾ 37)
*ਆਨੰਦਾ ਵਜਹਿ ਨਿਤ ਵਾਜੇ ਪਾਰਬ੍ਰਹਮ ਮਨਿ ਵੂਠਾ ਰਾਮ॥*
*ਗੁਰਮੁਖੇ ਸਚੁ ਕਰਨੀ ਸਾਰੀ ਬਿਨਸੇ ਭ੍ਰਮ ਭੈ ਝੂਠਾ ਰਾਮ॥* (ਪੰਨਾ 781)

ਭਗਵਾਨ ਕ੍ਰਿਸਨ ਨੇ ਅਜਿਹਾ ਸਰਲ ਸੰਖੇਪ ਤੇ ਸਾਰ ਗਿਆਨ ਉਪਦੇਸ਼ ਕਿਵੇਂ ਦਿੱਤਾ? ਇਸ ਪ੍ਰਸ਼ਨ ਦਾ ਰਾਜ਼ ਕੀਰਤਨ ਭਾਵਨਾ ਹੈ ਜਿਸ ਦੀ ਸੰਗੀਤਕ ਲੈ ਵਿਚ ਭਗਵਾਨ ਕ੍ਰਿਸ਼ਨ ਨੇ ਬਚਪਨ ਤੋਂ ਬੰਸਰੀ ਨੂੰ ਬੁੱਲ੍ਹਾਂ ਨਾਲ ਲਾ ਕੇ

ਗੋਕੁਲ ਵਿੱਚ ਅਨੰਦ ਲੋਕ (ਬਰਿੰਦਾਬਨ) ਦੀ ਸਿਰਜਨਾ ਕੀਤੀ। ਉੱਥੇ ਰਾਧਾ ਨੂੰ ਭਗਵਾਨ ਕ੍ਰਿਸ਼ਨ ਦੀ ਆਨੰਦ ਅਵਸਥਾ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਜਿਸਨੇ ਇਕ ਵਾਰੀ ਬੰਸਰੀ ਦੀ ਧੁਨੀ ਸੁਣ ਲਈ ਤਾਂ ਉਸ ਵਿਚ ਹੀ ਗੁਆਚ ਗਈ। ਬੰਸਰੀ ਦੀਆਂ ਸੁਰ ਲਹਿਰੀਆਂ ਰਾਧਾ ਦੇ ਜੀਵਨ ਦਾ ਰਾਗ ਅਤੇ ਮਨ ਦਾ ਅਨਾਹਦ ਨਾਲ ਬਣ ਗਈਆਂ। ਉਸ ਦੀ ਇਸ ਆਨੰਦ ਬਿਰਤੀ ਨੇ ਸਿਖਰਾਂ ਛੂਹ ਕੇ ਦੇਹਧਾਰੀ ਕ੍ਰਿਸ਼ਨ ਦੇ ਮਥੁਰਾ ਜਾਣ ਦਾ ਗਮ ਅਧਿਆਤਮਕ ਖੇਤਰ ਦੇ ਸਿਖਰਾਂ ਦੇ ਸਰਬ ਤਮ ਆਨੰਦ ਵਿਚ ਵਟਾ ਲਿਆ। ਭਗਵਾਨ ਕ੍ਰਿਸਨ ਦੇ ਸਾਥੀ ਉਧੋਂ ਨੂੰ ਆਪਣੀ ਗਿਆਨ ਵਿਦਵਤਾ ਦਾ ਬੜਾ ਮਾਣ ਸੀ। ਮਥੁਰਾ ਦੁਆਰਕਾ ਰਹਿ ਕੇ ਭਗਵਾਨ ਕ੍ਰਿਸ਼ਨ ਰਾਧੇ ਰਾਧੇ ਕੂਕ ਕੇ ਬਿਹਬਲ ਵੀ ਹੋ ਜਾਂਦੇ ਅਤੇ ਸੋਟੀਆਂ ਦੀ ਪ੍ਰੇਮ ਭਗਤੀ ਯਾਦ ਕਰਦੇ ਸਨ। ਉਧੋਂ ਦਾ ਗਿਆਨ ਉਪਦੇਸ਼ ਸੁਣ ਕੇ ਗੋਪੀਆਂ ਨੇ ਕਿਹਾ, ਉਧੋ ਮਨ ਨਾਹੀ ਦਸ ਬੀਸ। ਇਕ ਮਨ ਸੀ ਉਹ ਸ੍ਰੀ ਕ੍ਰਿਸ਼ਨ ਲੈ ਗਏ ਹਨ ਹੋਰ ਕਿਹੜੇ ਮਨ ਨੂੰ ਕਿਹੜੇ ਪਾਸੇ ਜੋੜਨਾ ਹੈ। ਬਾਣੀ ਤਾਂ ਇਸੇ ਅਵਸਥਾ ਦਾ ਉਪਦੇਸ ਦਿੰਦੀ ਹੈ-

*ਗੁਰਮੁਖਿ ਏਹੁ ਮਨੁ ਜੀਵਤ ਮਰੈ, ਸਚਿ ਰਹੈ ਲਿਵ ਲਾਇ॥*
*ਨਾਨਕ ਇਸ ਮਨ ਕੀ ਮਲ ਇਉ ਉਤਰੈ, ਹਉਮੈ ਸਬਦਿ ਜਲਾਇ॥* (ਪੰਨਾ 650)

ਇਸ ਸਿੱਧੀ ਪ੍ਰਭੂ ਭਗਤੀ ਤੋਂ ਅਨਜਾਣ ਗਿਆਨੀ ਉਧੋਂ ਰਾਧਾ ਜੀ ਪਾਸ ਭਗਵਾਨ ਕ੍ਰਿਸਨ ਦੇ ਨਾਮ ਸੰਦੇਸ ਲੈਣ ਗਿਆ ਤੇ ਰਾਧਾ ਜੀ ਨੇ ਕਿਹਾ ਉਧੋ ਕੌਣ ਕ੍ਰਿਸਨ? ਕ੍ਰਿਸਨ ਤੋਂ ਮੈ ਹੂੰ। ਇਸੇ ਲਈ ਕਿਹਾ ਗਿਆ ਹੈ ਭਗਤ ਭਗਵਾਨ ਦਾ ਭਜਨ (ਕੀਰਤਨ-ਉਸਤਤਿ) ਕਰਦੇ ਹਨ ਅਤੇ ਭਗਵਾਨ ਭਗਤਾਂ ਦਾ ਨਾਮ ਸਿਮਰਦਾ ਹੈ। ਸ੍ਰੀ ਕ੍ਰਿਸ਼ਨ ਜੀ ਦੀਆਂ ਅੱਠ ਪਟਰਾਨੀਆਂ ਅਤੇ ਸੋਲਾਂ ਹਜਾਰ ਇਕ ਸੌ ਹੋਰ ਰਾਣੀਆਂ ਹੋਣ ਦੇ ਬਾਵਜੂਦ ਕੇਵਲ ਰਾਧਾ ਕ੍ਰਿਸ਼ਨ ਯੁਗਲ ਰੂਪ ਵਿਚ ਹੀ ਸਿਮਰੇ ਤੇ ਧਿਆਏ ਜਾਂਦੇ ਹਨ। ਜੀਵਨ ਕੀਰਤਨ ਦਾ ਇਹ ਫਲਸਫਾ ਉਸ ਬੰਸਰੀ ਦਾ ਪ੍ਰਤਾਪ ਹੈ ਜਿਸਨੂੰ ਬਚਪਨ ਵਿਚ ਸ੍ਰੀ ਕ੍ਰਿਸ਼ਨ ਨੇ ਬੁਲ੍ਹਾਂ ਨਾਲ ਲਾਇਆ। ਸਾਰਾ ਜੀਵਨ ਇਸ ਦੀਆਂ ਸੁਰ ਲਹਿਰੀਆਂ ਰਾਹੀਂ ਸੰਗੀਤ ਮਈ ਢੰਗ ਨਾਲ ਗੁਜ਼ਾਰਿਆ ਤਾਂ ਹੀ ਸੋਲਹ ਕਲਾ ਸੰਪੂਰਨ ਲੀਲਾ ਪੁਰਸ਼ੋਤਮ ਭਗਵਾਨ ਕਹੇ ਗਏ।

ਭਗਤੀ ਰਸ ਵਿਚ ਅਨਹਦ ਜਾਂ ਅਨਹਦ ਨਾਦ ਦੀ ਮਹਿਮਾ ਬਹੁਤ ਗਾਈ ਗਈ ਹੈ। ਅਨਹਦ ਨਾਦ ਦੇ ਆਨੰਦ ਲੋਕ ਦੀ ਝਲਕ ਰਾਗ ਰਾਮਕਲੀ ਦੇ ਬਾਣੀ ਆਨੰਦ ਵਿਚ ਵਿਸਤਾਰ ਨਾਲ ਦਿੱਤੀ ਗਈ ਹੈ। ਇਸ ਰਾਗ ਦਾ ਗਾਇਨ ਸਮਾਂ ਸੂਰਜ ਉਦੇ ਤੋਂ ਪਹਰ ਦਿਨ ਚੜ੍ਹੇ ਤੱਕ ਹੈ।

*ਰਾਮਕਲੀ ਰਾਗ ਮਨਿ ਵਸਿਆ ਤਾਂ ਬਨਿਆ ਸੀਗਾਰੁ॥* (ਪੰਨਾ 950)

ਅਤੇ ਅਨੰਦ ਸਹਿਬ ਦੀ ਆਖਿਰੀ ਪਉੜੀ ਵਿਚ ਦਰਜ ਹੈ-

*ਅਨੰਦੁ ਸੁਣਹੁ ਵਡਭਾਗੀ ਹੋ ਸਗਲ ਮਨੋਰਥ ਪੂਰੇ॥*
- - - - - - - - - - - - - - - -
*ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ॥* (ਪੰਨਾ 94)

ਅਨਹਦ ਨਾਦ ਬਗੈਰ ਕਿਸੇ ਆਘਾਤ ਜਾਂ ਚੋਟ ਤੋਂ ਪੈਦਾ ਹੋਇਆ ਅਤੇ ਜਦੋਂ ਇਸ ਦੀ ਪੂਰਨ ਪ੍ਰਾਪਤੀ ਹੁੰਦੀ ਹੈ ਤਾਂ ਤਰੇੜ ਜਾਂ ਰੋਕ ਵੀ ਨਹੀਂ ਹੁੰਦੀ। ਸਾਧਕ ਜਦੋਂ ਚਾਹੇ ਅੰਤਰ ਧਿਆਨ ਹੋ ਕੇ ਇਸ ਵਿਚ ਲੀਨ ਹੋ ਜਾਂਦਾ ਹੈ-

*ਪ੍ਰਥਮੇ ਭ੍ਰਮ ਗੁੰਜਾਰ, ਸੰਖਧੁਨਿ ਦੁਤਿਯ ਕੱਹਿਜੈ॥*
*ਤ੍ਰਿਤਯ ਬਜੈ ਮਿਰਦੰਗ, ਚਤੁਰਥਹਿ ਤਾਲ ਸੁੱਨਿਜੈ॥*
*ਪੰਚਮ ਘੰਟਾ ਨਾਦ, ਖਸਟ ਬੀਣਾ ਧੁਨਿ ਹੋਈ॥*
*ਸਪਤਮ ਬਾਜੇ ਭੇਰਿ, ਅਸ਼ਟਮ ਦੁੰਦਭਿ ਜੋਈ॥*
*ਨਵਮੋ ਗਰਜ ਸਮੁਦ੍ਰ ਕੀ ਦਸਮ ਮੇਘ ਘੋਖਹਿ ਗੁਨੇ॥*
*ਕਹਿ ਸੁੰਦਰ ਅਨਹਤ ਸਬਦ ਕੋ ਦਸ ਪ੍ਰਕਾਰ ਜੋਗੀ ਸੁਨੈ॥* (ਸੁੰਦਰ ਵਿਕਾਸ)

ਗੁਰਬਾਣੀ ਅਨੁਸਾਰ ਅੰਤਰ ਆਤਮੇ ਵਿਚ ਸਤਿਗੁਰ ਦਰਸਨ ਹੋ ਜਾਏ ਜਾਂ ਸਬਦ ਖੁਲ੍ਹ ਜਾਣ ਨਾਲ ਹੀ ਰੂਹਾਨੀ ਕੀਰਤਨ ਦਾ ਦ੍ਰਿਸ਼ ਸਾਖਿਆਤ ਹੋ ਜਾਂਦਾ ਹੈ -

*ਅਨੰਦ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥*

*ਸਤਿਗੁਰੂ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ॥*
*ਰਾਗ ਰਤਨ ਪਰਵਾਰ ਪਰੀਆ ਸਬਦ ਗਾਵਨ ਆਈਆ॥*
*ਸਬਦ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ॥*
*ਕਹੈ ਨਾਨਕੁ ਅਨੰਦ ਹੋਆ ਸਤਿਗੁਰੂ ਮੈ ਪਾਇਆ॥* (ਪੰਨਾ 917)

ਇਸ ਤਰ੍ਹਾਂ ਸ੍ਰਿਸਟੀ ਸੰਗੀਤ ਤੋਂ ਉਪਜਿਆ ਮਨੁਖ ਜਦੋਂ ਜੀਵਨ ਸੰਗੀਤ ਵੱਲ ਵੱਧਦਾ ਹੈ ਤਾਂ ਸਤਿਗੁਰ ਰੂਪੀ ਸੰਤ ਭਗਤ ਜਾਂ ਬ੍ਰਹਮ ਗਿਆਨੀ ਇਸ ਨੂੰ ਜੀਵਨ ਦਾ ਸਦਾਚਾਰੀ ਸੰਗੀਤ ਦੱਸ ਕੇ ਜੀਵਾਤਮਾ ਦੀ ਪ੍ਰਮਾਤਮਾ ਨਾਲ ਕੜੀ ਜੋੜਨ ਲਈ ਗੁਰੂ ਮੰਤ੍ਰ ਜਾਂ ਸ਼ਬਦ ਦਿੰਦਾ ਹੈ, ਇਸ ਸ਼ਬਦੁ ਸਿਮਰਨ ਨਾਲ ਮਨ ਬੁਧੀ ਤੇ ਅਹੰਕਾਰ ਤੋਂ ਮੁਕਤ ਸੁਰਿਤ ਇਸ ਸ਼ਬਦ ਦੀ ਵਕਤਾ ਹੋਣ ਦੇ ਬਾਵਜੂਦ ਸਾਰ ਤਾ ਬਣ ਜਾਂਦੀ ਹੈ। ਗੁਰ-ਬਾਣੀ ਵਿਚ ਲੈਲੀਨ ਹੋਣ ਦਾ ਰਾਹ ਵੀ ਇਹ ਹੈ ਜਦੋਂ ਸਿੱਖ ਬਾਣੀ ਪੜ੍ਹੇ ਪਰ ਏਕਾਗਰਤਾ ਵਿਚ ਸੁਰਤਿ ਸਰੋਤਾ ਭਾਵ ਗੁਰੂ ਸ਼ਬਦ ਨੂੰ ਗ੍ਰਹਿਣ ਕਰੇਂ। ਅਜਿਹੀ ਅਵਸਥਾ ਦੀ ਸੁਗਮ ਪ੍ਰਾਪਤੀ ਲਈ ਕੀਰਤਨ ਨੂੰ ਸਰਬੋਚ ਦਸਿਆ ਗਿਆ ਹੈ। ਇੱਥੇ ਭੌਤਿਕ ਰੂਪ ਵਿਚ ਸੰਗੀਤ ਦੀ ਕੀਰਤਨ ਸ਼ਬਦ ਪ੍ਰੇਮ ਨਾਲ ਹੀ ਅਵਸਥਾ ਵਿਚ ਅਗੰਮੀ ਕੀਰਤਨ ਜਾਂ ਅਨਹਦ ਨਾਦ ਰੂਪੀ ਬ੍ਰਹਮ ਕੀਰਤਨ ਦਾ ਸਰੋਤਾ ਬਣਨ ਦਾ ਸੁਭਾਗ ਮਿਲਦਾ ਹੈ। ਇਹੋ ਹੈ ਗੁਰਸਿੱਖੀ ਰਾਜ ਯੋਗ ਹੈ।


ਦਿੱਲੀ ਦੇ ਸਿੱਖਾਂ ਅਤੇ ਪੰਜਾਬੀਆਂ ਦੀ
ਇੱਕੋ-ਇੱਕ ਆਵਾਜ਼

**ਸਿੱਖ ਲੀਗ** ਪੰਦਰਵਾੜਾ

2602, ਸ਼ਾਦੀਪੁਰ ਮੇਨ ਬਾਜ਼ਾਰ, ਨਵੀਂ ਦਿੱਲੀ-8
ਫੋਨ : 5707096

ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ
ਪੂਸਾ ਰੋਡ, ਨਵੀਂ ਦਿੱਲੀ 110 060
ਫੋਨ: 5853955

**Hot millions** ®



*Salad Bar & Restaurant*

*Serving Indian, Chinese, Continental & Italian Food*
*with a regular Indian & Salad Buffet*

*For Free Home Delivery*
*(above Rs. 100/-)*



**CHD 723333** **SALAD BAR 723222**
**PKL 579888** **MOH 264300**

SCO 76-79,(First Floor) Sector 17-E, Chandigarh. Tel: 723222, 723111, 704858

# ਨਾਮ ਬਿਨਾ ਨਹੀ ਜੀਵਿਆ ਜਾਇ
# ... ਮਾਨੁ ਸਭੈ ਕਉ ਖਾਇ

ਰਮੇਸ਼ ਸਿੰਘ

C-131, Sonari West, Jamshedpur 831 011 (Jharkhand)

ਗੁਰੂ ਨਾਨਕ ਦੇਵ ਜੀ ਨੇ ਸੰਸਾਰੀ ਜੀਵਾਂ ਨੂੰ ਪ੍ਰਭੂ ਮਿਲਨ ਦਾ ਜੋ ਮਾਰਗ ਸੁਝਾਇਆ ਉਹ ਸੀ:

*ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥* (ਪੰਨਾ 2)

ਪ੍ਰਭੂ ਭਗਤੀ ਦਾ ਇਹ ਸਭ ਤੋਂ ਸੁਖੈਨ ਤੇ ਸਹਿਜ ਮਾਰਗ ਹੈ। ਬਸ਼ਰਤੇ ਮੈਂ ਅੰਮ੍ਰਿਤ ਵੇਲੇ ਗੁਰੂ ਦੀ ਬਾਣੀ ਅਰਥਾਤ ਗੁਰੂ ਉਪਦੇਸ਼ ਨੂੰ ਸੁਣਾਂ, ਸਮਝਾਂ, ਵਿਚਾਰਾਂ, ਘੋਖਾਂ, ਮਨ ਵਿਚ ਵਸਾਵਾਂ ਅਤੇ ਗੁਰੂ ਦੀ ਕਸਵਟੀ ਤੇ ਮੇਰੀ ਮੌਜੂਦਾ ਹਾਲਤ ਵਿਚ ਜੋ ਵਿਥ ਹੈ ਉਸਨੂੰ ਅਪਣੇ ਜੀਵਨ ਵਿਚ ਅਮਲ ਰਾਹੀਂ ਦੂਰ ਕਰਨ ਦਾ ਪੂਰੀ ਈਮਾਨਦਾਰੀ ਨਾਲ ਪ੍ਰਯਤਨ ਕਰਾਂ ਤੇ ਇਸ ਸਫਲਤਾ ਲਈ ਨਿਰੰਤਰ ਜੋਦੜੀਆਂ ਕਰਾਂ। ਇਸ ਤਰ੍ਹਾਂ ਅਪਣੇ ਮਨ ਦੀ ਮੈਲ ਨੂੰ ਧੋ ਕੇ ਇਨਸਾਨ ਅਪਣੇ ਮਨ ਨੂੰ ਨਿਰਮਲ ਕਰ ਸਕਦਾ ਹੈ ਤੇ ਨਿਰਮਲ ਮਨ ਵਿਚ ਹੀ ਪ੍ਰਭੂ ਦਾ ਵਾਸਾ ਹੁੰਦਾ ਹੈ:

*ਹਰਿ ਅੰਮ੍ਰਿਤ ਭਿੰਨੇ ਲੋਇਣਾ ਮਨੁ ਪ੍ਰੇਮਿ ਰਤੰਨਾ ਰਾਮ ਰਾਜੇ॥*
*ਮਨੁ ਰਾਮ ਕਸਵਟੀ ਲਾਇਆ ਕੰਚਨੁ ਸੋਵਿੰਨਾ॥*
*ਗੁਰਮੁਖਿ ਰੰਗਿ ਚਲੂਲਿਆ ਮੇਰਾ ਮਨੁ ਤਨੋ ਭਿੰਨਾ॥*
*ਜਨੁ ਨਾਨਕੁ ਮੁਸਕਿ ਝਕੋਲਿਆ ਸਭੁ ਜਨਮੁ ਧਨੁ ਧੰਨਾ॥* (ਪੰਨਾ 448)

ਸੁਖ ਸਾਗਰ, ਮਹਾਂ ਅਨੰਦ ਦੇਣ ਵਾਲੇ ਪ੍ਰਭੂ ਜਿਸ ਅੰਦਰ ਵਸ ਜਾਣ ਉਸਦਾ ਜੀਵਨ 'ਸਦਾ ਅਨੰਦ ਰਹੈ ਦਿਨ ਰਾਤੀ' ਦਾ ਪ੍ਰਤੀਕ ਬਣ ਜਾਂਦਾ ਹੈ ਤੇ ਦੂਜੇ ਪਾਸੇ ਪ੍ਰਭੂ ਤੋਂ ਦੂਰ ਮਨੁੱਖ ਕਦੇ ਵੀ ਸੁਖ ਦਾ ਸਾਹ ਨਹੀਂ ਲੈ ਸਕਦਾ। ਭਾਵੇਂ ਉਹ ਦੁਨੀਆਵੀ ਹਿਸਾਬ ਨਾਲ ਅਤਿ ਸੁੰਦਰ, ਕੁਲੀਨ,ਚਤੁਰ, ਮੁਖ ਗਿਆਨੀ ਤੇ ਧਨਵੰਤ ਹੀ ਕਿਉਂ ਨਾ ਹੋਵੇ। ਇਸੇ ਵਲ ਇਸ਼ਾਰਾ ਕਰਦਿਆ ਗੁਰੂ ਰਾਮਦਾਸ ਜੀ ਮੈਨੂੰ ਯਾਦ ਕਰਾਣ ਲੱਗੇ ਭਾਈ ਨਾਮ ਤੋਂ ਬਗੈਰ ਕੋਈ ਵੀ ਮਨੁੱਖ ਇਸ ਦੁਨੀਆ ਤੇ ਉਹ ਜੀਵਨ ਜਾਚ ਨਹੀਂ ਪਾ ਸਕਦਾ ਜਿਸ ਵਿਚ ਸਦੀਵੀ ਖੇੜਾ ਹੈ, ਚੜਦੀ ਕਲਾ ਹੈ, ਅਨੰਦੁ ਹੀ ਅਨੰਦ ਹੈ, ਕਿਸੇ ਨਾਲ ਵੈਰ-ਵਿਰੋਧ ਨਹੀਂ, ਸਭ ਨਾਲ ਪਿਆਰ ਹੈ, ਸਾਰੇ ਅਪਣੇ ਲੱਗਦੇ ਹਨ, ਹਰ ਵੇਲੇ ਦੂਜੇ ਦਾ ਦੁੱਖ ਵੰਡਾਣ ਦਾ ਚਾਅ ਰਹਿੰਦਾ ਹੈ, ਕੋਈ ਟੈਨਸ਼ਨ ਤੰਗ ਨਹੀਂ ਕਰਦੀ, ਇਹ ਚਿੰਤਾ ਨਹੀਂ ਹੁੰਦੀ ਕਿ ਕਿਤੇ ਉਹ ਨਾ ਹੋ ਜਾਏ ਜੋ ਮੈਨੂੰ ਪਸੰਦ ਨਹੀਂ ਜਾਂ ਉਹ ਕਿਤੇ ਹੋਣ ਨਾ ਰਹਿ ਜਾਏ ਜੋ ਮੈਂ ਚਾਹੁੰਦਾ ਹਾਂ ਕਿਉਂ ਕਿ ਉਥੇ ਤਾਂ ਪ੍ਰਭੂ ਦੀ ਰਜ਼ਾ ਵਿਚ ਰਾਜ਼ੀ ਰਹਿਣਾ ਹੀ ਜੀਵਨ ਹੈ, ਜ਼ਿੰਦਗੀ ਵਿਚ ਕੋਈ ਸ਼ਿਕਾਇਤ ਨਹੀਂ ਹੁੰਦੀ, ਦੂਜੇ ਦਾ ਦੁਖ ਉਸਨੂੰ ਸੁਖੀ ਤੇ ਦੂਜੇ ਦਾ ਸੁਖ ਉਸਨੂੰ ਸੁਖੀ ਨਹੀਂ ਕਰਦਾ ਕਿਉਂਕਿ ਉਹ ਤਾਂ ਸਰਬਤ ਦਾ ਭਲਾ ਲੋਚਦਾ ਹੈ। ਇਸੇ ਲਈ ਗੁਰਬਾਣੀ ਸਾਨੂੰ ਸੇਧ ਦੇਂਦੀ ਹੈ ਕਿ:-

*ਨਾਮ ਬਿਨਾ ਨਹੀਂ ਜੀਵਿਆ ਜਾਇ॥ ਨਾਮਹੀਨ ਕਾਲਖ ਮੁਖਿ ਮਾਇਆ॥*

\- - - - - - - - - - - - - - - - - - - - - -

*ਨਾਮ ਬਿਨਾ ਧ੍ਰਿਗ ਧ੍ਰਿਗ ਜੀਵਾਇਆ॥* (ਪੰਨਾ 366-67)

ਇਨ੍ਹਾਂ ਖਿਆਲਾਂ ਨਾਲ ਜਦੋਂ ਮੇਰੇ ਮਨ ਨੇ ਅੰਦਰ ਗੋਤਾ ਮਾਰਿਆ ਤਾਂ ਅਪਣੀ ਦੁਰਦਸ਼ਾ ਵੇਖ ਮੈਂ ਸੋਚੀਂ ਪੈ ਗਿਆ ਕਿ ਮੇਰੇ ਅੰਦਰ ਹਰ ਵੇਲੇ ਉਹ ਠੰਢ ਕਿਉਂ ਨਹੀਂ ਰਹਿੰਦੀ, ਮੇਰਾ ਮਨ ਕਿਉਂ ਕੁੜਦਾ ਰਹਿੰਦਾ ਹੈ ਆਖਿਰ ਮੈਂ ਅੰਮ੍ਰਿਤ ਵੀ ਛਕਿਆ ਹੋਇਆ ਹੈ, ਅੰਮ੍ਰਿਤ ਵੇਲਾ ਵੀ (ਗੁਰੂ ਕ੍ਰਿਪਾ) ਕਰਦਾ ਹਾਂ, ਸਤਿਸੰਗ ਵੀ ਕਰਦਾ ਹਾਂ ਬਾਣੀ ਵੀ ਵੀਚਾਰਨ ਦੀ ਕੋਸ਼ਿਸ਼ ਕਰਦਾ ਹਾਂ, ਲੋਕ ਲਾਜ ਦਾ ਵੀ ਸ਼ੌਕ ਨਹੀਂ, ਉਨ੍ਹਾਂ ਲੋਕਾਂ ਤੋਂ ਦੂਰ ਹੀ ਰਹਿਣਾ ਚੰਗਾ ਲੱਗਦਾ ਹੈ ਜਿਨ੍ਹਾਂ ਨੂੰ ਪ੍ਰਭੂ ਦਾ ਸ਼ੌਕ ਨਹੀਂ, ਪੈਸੇ ਦੀ ਪਕੜ ਵੀ ਪ੍ਰਭੂ ਕ੍ਰਿਪਾ ਸਦਕਾ ਕੁਝ ਢਿੱਲੀ ਹੋਈ ਜਾਪਦੀ ਹੈ, ਮੇਰੀ ਵਡਿਆਈ ਹੋਵੇ ਇਸਦੀ ਵੀ ਕੋਈ ਤਾਂਘ ਨਹੀਂ ਭਾਸਦੀ, ਫਿਰ ਕਾਰਣ ਕੀ ਹੈ? ਜਦੋਂ ਵੀ ਕੋਈ ਨਿੱਕੀ ਨਿੱਕੀ

ਗੱਲ ਵੀ ਮੇਰੇ ਮਨ ਮਾਫਿਕ ਜਿਹੀ ਨਹੀਂ ਹੁੰਦੀ, ਮੇਰੇ ਅੰਦਰ ਹਲਚਲ ਕਿਉਂ ਹੋਣ ਲੱਗਦੀ ਹੈ? ਮੈਂ ਕਿਸੇ ਦੀ ਗੱਲ ਨੂੰ ਪੂਰਨ ਸ਼ਾਂਤੀ ਨਾਲ ਬਰਦਾਸ਼ਤ ਕਿਉਂ ਨਹੀਂ ਕਰ ਸਕਦਾ, ਭਾਵੇਂ ਬਾਹਰੋਂ ਨਾ ਭੌਂਕਾ ਮੇਰੇ ਅੰਦਰ ਦੀ ਅਡੋਲਤਾ ਤੇ ਕਿਉਂ ਅਸਰ ਪੈਂਦਾ ਹੈ? ਜਿਵੇਂ ਗੁਰਬਾਣੀ ਰਾਹੀਂ ਗੁਰੂ ਸਹਿਬ ਨੇ ਇਕਦਮ ਦੱਸਿਆ ਕਿ ਮੇਰੀ 'ਮੈਂ' ਕਰਕੇ ਮੇਰੇ ਅੰਦਰ ਨਾਮ ਦਾ ਵਾਸਾ ਨਹੀਂ ਹੁੰਦਾ ਤੇ ਜਿਨ੍ਹਾਂ ਚਿਰ ਅੰਦਰ ਨਾਮ ਨਾ ਵਸੇ, ਸਦੀਵੀ ਖੇੜਾ, ਅਨੰਦ ਤੇ ਸੁਖ ਆ ਨਹੀਂ ਸਕਦੇ:

*ਹਉਮੈਂ ਨਾਵੈ ਨਾਲ ਵਿਰੋਧੁ ਹੈ ਦੁਇ ਨਾ ਵਸਹਿ ਇਕ ਠਾਇ॥* (ਪੰਨਾ 560)

ਨਾਮ ਪ੍ਰਭੂ ਦਾ ਰੂਪ ਹੈ, ਹਉਮੈ ਮਾਇਆ ਦਾ। ਪ੍ਰਭੂ ਸੁਖਾਂ ਦਾ ਦਾਤਾ ਹੈ, ਮਾਇਆ ਦੁੱਖਾਂ ਦੀ ਜਨਨੀ ਹੈ ਦੋਵੇਂ ਇੱਕ ਥਾਂ ਨਹੀਂ ਰਹਿ ਸਕਦੇ, ਮੇਰੀ ਹਉਮੈ ਵਾਲੀ ਅਗਿਆਨਤਾ ਦੀ ਬੁੱਧੀ ਮੈਨੂੰ ਇਹ ਸਮਝਣ ਨਹੀਂ ਦੇਂਦੀ। ਇਸੇ ਨੂੰ ਕਿਹਾ ਗਿਆ ਹੈ ਕਿ ਇਹ ਸੁੱਤੇ ਹੋਇ ਮਨ ਦੀ ਨਿਸ਼ਾਨੀ ਹੈ ਜਿਸਨੂੰ ਸਤਿਸੰਗ ਵਿਚ ਜਗਾਈਦਾ ਹੈ, ਪਰ ਮੇਰੀ ਬਦਕਿਸਮਤੀ ਵੇਖੋਂ, ਮੇਰੀ 'ਮੈਂ' ਦੇ ਰੂਪ ਵਿਚ ਮਾਇਆ ਨੇ ਐਸਾ ਘੇਰਿਆ ਕਿ ਇਸੇ ਗੱਲ ਦਾ ਮਾਣ ਹੋ ਗਿਆ ਕਿ ਅਸੀਂ ਰੈਗੂਲਰ ਸਤਿਸੰਗ ਕਰਦੇ ਹਾਂ। ਕਥਾ-ਕੀਰਤਨ ਸੁਨਣ ਵਿਚਾਰਨ ਦੇ ਬਾਅਦ ਤਾਂ ਇਹ ਗੱਲ ਸਮਝ ਆਉਣੀ ਚਾਹੀਦੀ ਸੀ, ਜੇ ਆਈ ਹੁੰਦੀ ਤਾਂ ਸਦੀਵੀ ਸੁੱਖ ਉਪਜਦਾ ਨਾਮ ਦਾ ਵਾਸਾ ਹੋਣ ਕਰਕੇ:-

*ਪਾਰਬ੍ਰਹਮ ਹੋਆ ਸਹਾਈ ਕਥਾ ਕੀਰਤਨ ਸੁਖਦਾਈ॥* (ਪੰਨਾ 616)

ਕਬੀਰ ਸਾਹਿਬ ਨੇ ਵੀ ਕਿਰਪਾ ਕੀਤੀ, ਇਸੇ ਗੱਲ ਨੂੰ ਆਪਣੇ ਲਫਜ਼ਾਂ ਵਿੱਚ ਸਮਝਾਣ ਆਏ-

*ਹਰਿ ਕਾ ਨਾਮੁ ਨ ਜਪਸਿ ਗਵਾਰਾ॥ ਕਿਆ ਸ ਚਹਿ ਬਾਰੰਬਾਰਾ॥* (ਪੰਨਾ 655-56)

ਉਇ "ਹਰਿ ਕਾ ਨਾਮੁ" ਜਪਣ ਦਾ ਮਤਲਬ ਸੀ 'ਮੈਂ' ਨੂੰ ਮੁਕਾਣਾ ਤਾਂ ਜੋ 'ਉਹ' ਪ੍ਰਗਟ ਹੋ ਜਾਂਦਾ ਪਰ ਤੂੰ ਬੱਸ ਇਹੀ ਸੋਚਦਾ ਰਿਹਾ ਕਿ ਤੂੰ ਤਾਂ ਸਾਰਾ ਕੁਝ ਕਰਦਾ ਏ, ਦੂਜੇ ਨਹੀਂ ਕਰਦੇ, ਬਸ ਦੁਨੀਆ ਨੂੰ ਉਪਦੇਸ਼ ਦਿੰਦਾ ਰਿਹਾ ਤੇ ਅਪਣੀ 'ਮੈਂ' ਨੂੰ ਹੋਰ ਪੱਠੇ ਪਾਂਦਾ ਰਿਹਾ, ਅਮਲ ਨਹੀਂ ਕੀਤਾ ਗੁਰ ਉਪਦੇਸ਼ ਤੇ ਸਭ ਦੀ ਚਰਨ ਧੂੜ ਨਹੀਂ ਬਣਿਆ। ਭੁਲ ਗਿਆ ਜੋ ਤੇਰੇ ਮਨ ਮੁਤਾਬਿਕ ਨਹੀਂ ਚਲਦੇ ਜਾਂ ਤੇਰੀ ਗੱਲ ਨਹੀਂ ਮੰਨਦੇ ਉਹ ਵੀ ਪ੍ਰਭੂ ਦੇ ਭਾਣੇ ਵਿਚ ਹਨ, ਉਹ ਵੀ ਉਸਦੀ ਰਜ਼ਾ ਵਿਚ ਚਲ ਰਹੇ ਹਨ, ਜਿਵੇਂ ਉਹ ਡੋਰ ਖਿੱਚ ਰਿਹਾ ਹੈ ਉਹ ਕਾਰ ਕਰ ਰਹੇ ਹਨ। ਨਾਮ ਜਪਣ ਵਾਲੇ ਨੂੰ ਘਟੋ ਘੱਟ ਇਹ ਤਾਂ ਸਮਝ ਆ ਜਾਣੀ ਚਾਹੀਦੀ ਹੈ। ਬਸ ਤੂੰ ਇਹੀ ਸੋਚਦਾ ਰਿਹਾ ਉਹ ਇਸ ਤਰ੍ਹਾਂ ਕਿਉਂ ਕਰਦੇ, ਉਹ ਅਪਣੇ ਆਪਨੂੰ ਬਦਲਦੇ ਕਿਉਂ ਨਹੀਂ, ਉਹ ਮੇਰੀ ਗੱਲ ਨੂੰ ਪਕੜਦੇ ਕਿਉਂ ਨਹੀਂ, ਕਿਉਂਕਿ ਮੈਂ ਤਾਂ ਠੀਕ ਕਹਿੰਦਾ ਹਾਂ ਗੁਰੂ ਦੀ ਗੱਲ ਹੀ ਕਹਿੰਦਾ ਹਾਂ। ਇਸ ਹਉਂ ਬੁਧੀ ਨੇ ਮੇਰੇ ਅੰਦਰ ਨਾਮ ਦਾ ਗਿਆਨ ਦੀਵਾ ਨਾ ਬਲਣ ਦਿੱਤਾ ਜਿਸਦੀ ਰੋਸ਼ਨੀ ਵਿਚ ਮੇਰੀ 'ਮੈਂ' ਦਾ ਹਨੇਰਾ ਦੂਰ ਹੋਣਾ ਸੀ।

ਉਹ ਪ੍ਰਭਾਨ ਹੋ ਗਏ ਉਸ ਦੇ ਦਰ ਤੇ, ਉਹ ਸਦੀਵੀ ਜੀਵਨ ਪਾ ਗਏ ਪ੍ਰਭੂ ਨਾਲ ਇਕ ਮਿਕ ਹੋ ਜਾਣ ਕਰਕੇ ਤੇ ਸਾਰੀ ਦੁਨੀਆਂ ਦੇ ਪੂਜਨੀਕ ਬਣ ਗਏ:

*ਜਿਸੁ ਨੀਚੁ ਕਉ ਕੋਈ ਨ ਜਾਨੈ॥ ਨਾਮੁ ਜਪਤ ਉਹੁ ਚਹੁ ਕੁੰਟ ਮਾਨੇ॥*

- - - - - - - - - - - - - - - - - - - - - - - - - -

*ਜਾਕੈ ਨਿਕਟਿ ਨ ਆਵੈ ਕੋਈ॥ ਸਗਲ ਸ੍ਰਿਸਟਿ ਉਆ ਕੇ ਚਰਨ ਮਲਿ ਧੋਈ॥*

*ਜੋ ਪ੍ਰਾਨੀ ਕਾਹੂ ਨ ਆਵਤ ਕਾਮ॥ ਸੰਤ ਪ੍ਰਸਾਦਿ ਤਾ ਕੋ ਜਪੀਐ ਨਾਮ॥* (ਪੰਨਾ 386)

ਮੇਰਾ ਹਾਲ ਇਹ ਹੈ ਕਿ ਮੈਂ ਨਾਮ ਦੀ ਕਮਾਈ ਕੀਤੇ ਬਗੈਰ ('ਮੈਂ' ਨੂੰ ਤਿਆਗ ਸਭ ਦੀ ਚਰਣ ਧੂੜ ਬਣਨਾ) ਸੁਖ ਚਾਹੁੰਦਾ ਹਾਂ, ਸੁਖਸਾਗਰ ਨੂੰ ਲੋਚਦਾ ਹਾਂ। ਗੁਰੂ ਅਨੁਸਾਰ ਇਹ ਕਿਵੇਂ ਹੋ ਸਕਦਾ ਹੈ-

*ਹਰਿ ਸਿਮਰਨ ਛਾਡਿ ਪਰਮਗਤਿ ਚਾਹੈ॥ ਮੂਲ ਬਿਨਾ ਸਾਖਾ ਕਤ ਆਹੈ॥* (ਪੰਨਾ 1149)

ਝੂਠਾ ਮਾਣ ਹੀ ਪ੍ਰਭੂ ਮਾਰਗ ਵਿਚ ਸਭ ਤੋਂ ਵੱਡੀ ਰੁਕਾਵਟ ਹੈ, ਵੱਡੇ ਵੱਡੇ ਤਪਸਵੀ ਵੀ ਇਸਦੀ ਮਾਰ ਤੋਂ ਬਚ ਨਹੀਂ ਸਕੇ:

*ਕਬੀਰ ਮਾਇਆ ਤਜੀ ਤ ਕਿਆ ਭਇਆ ਜਉ ਮਾਨੁ ਤਜਿਆ ਨਹੀਂ ਜਾਇ॥*

*ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ॥* (ਪੰਨਾ 1372)

ਪ੍ਰਭੂ ਕ੍ਰਿਪਾ ਕਰਨ, ਸਾਰੀ ਸੰਗਤ ਮੇਰੇ ਗਰੀਬ ਲਈ ਅਰਦਾਸ ਕਰੇ-

*ਸਗਲ ਸੰਤਨ ਪਹਿ ਵਸਤੁ ਇਕ ਮਾਗਉ॥ ਕਰਉ ਬਿਨੰਤੀ ਮਾਨੁ ਤਿਆਗਉ॥* (ਪੰਨਾ 99)

*ਸੰਤਹੁ ਇਹਾ ਬਤਾਵਹੁ ਕਾਰੀ॥ ਜਿਤੁ ਹਉਮੈ ਗਰਬੁ ਨਿਵਾਰੀ॥* (ਪੰਨਾ 616)

# ਸਤਿਕਾਰ ਯੋਗ ਹਨ, ਸਭ ਧਰਮ ਗ੍ਰੰਥ

ਸੋਹਣ ਸਿੰਘ

3027/27-ਡੀ, ਚੰਡੀਗੜ੍ਹ 160 019

ਧਰਮ ਗ੍ਰੰਥ ਇਨਸਾਨੀ ਰੂਹ ਲਈ ਸਵੱਛ ਖੁਰਾਕ ਦੇ ਸੋਮੇ ਹਨ। ਇੱਥੋਂ ਖੁਰਾਕ ਲੈ ਕੇ ਆਤਮਾ ਦਾ ਧੁੰਧਲਾ ਪਨ ਦੂਰ ਹੁੰਦਾ ਹੈ ਤੇ ਪ੍ਰਾਣੀ ਆਪਣੇ ਆਪੇ ਦੀ ਅਸਲੀ ਪਹਿਚਾਣ ਕਰ ਸਕਦਾ ਹੈ। ਜਿਸ ਧਰਮ ਗ੍ਰੰਥ ਰਾਹੀਂ ਬ੍ਰਹਮ ਦੇ ਇੱਕ ਕਿਣਕੇ ਭਰ ਦਾ ਵੀ ਗਿਆਨ ਦਰਸਾਇਆ ਹੋਵੇ ਚਾਹੇ ਉਹ ਕਿਸੇ ਵੀ ਮਜ਼ਹਬ ਦਾ ਹੋਵੇ, ਚਾਹੇ ਕਿਸੇ ਸੰਸਥਾ ਦਾ, ਉਹ ਗ੍ਰੰਥ ਪੂਜਣ ਯੋਗ ਹੈ। ਭਾਵੇਂ ਕੋਈ ਗ੍ਰੰਥ ਗੁਰੂ ਦਾ ਦਰਜਾ ਲੈਣ ਦਾ ਹੱਕਦਾਰ ਨ ਸਮਝਿਆ ਜਾਵੇ ਫਿਰ ਵੀ ਉਹ ਸਤਿਕਾਰ ਯੋਗ ਤਾਂ ਹੈ ਹੀ। ਇਹਨਾਂ ਗ੍ਰੰਥਾਂ ਦੇ ਬਕਤਾ ਸੱਚ ਦੀ ਖੋਜ ਦਾ ਉਪਰਾਲਾ ਕਰਨ ਪ੍ਰਤੀ ਅਤਿ ਸਤਿਕਾਰ ਯੋਗ ਮੰਨੇ ਜਾਣੇ ਸ਼ੋਭਦੇ ਹਨ। ਕਈ ਧਰਮ ਗ੍ਰੰਥਾਂ ਵਿੱਚ ਸੱਚ ਤੋਂ ਇਲਾਵਾ ਪ੍ਰਾਣੀ ਨੂੰ ਕਾਮਯਾਬ ਦੁਨੀਆਵੀ ਜ਼ਿੰਦਗੀ ਬਤੀਤ ਕਰਨ ਸਬੰਧੀ ਕਈ ਤਰ੍ਹਾਂ ਦਾ ਗਿਆਨ ਪ੍ਰਦਾਨ ਕਰਵਾਇਆ ਗਿਆ ਹੈ ਜਿਸ ਦੀ ਅਧਿਆਤਮਿਕ ਵ੍ਰਿਧੀ ਲਈ ਕੋਈ ਖਾਸ ਅਹਿਮੀਅਤ ਨਹੀਂ ਲਗਦੀ ਫਿਰ ਵੀ ਇਹ ਗ੍ਰੰਥ ਸਤਿਕਾਰ ਯੋਗ ਹੀ ਮੰਨਣੇ ਠੀਕ ਹਨ।

ਧਰਮ ਗ੍ਰੰਥ ਜਿਸ ਪ੍ਰਭੂ ਨਾਮ ਦਾ ਜਿਕਰ ਕਰਦੇ ਹਨ ਉਹ ਇੱਕ ਐਸੀ ਵਸਤੂ ਜਾਪਦੀ ਹੈ ਜਿਸ ਦਾ ਵਖਿਆਨ ਕਰਨਾ ਅੱਖਰਾਂ ਰਾਹੀਂ ਅਸੰਭਵ ਹੈ। ਇਸ ਵਿੱਚ ਐਸੀ ਮਿਠਾਸ ਦੱਸੀਦੀ ਹੈ ਜੋ ਦੁਨੀਆਵੀ ਚੀਜਾਂ ਨਾਲੋਂ ਅਤੀ ਜ਼ਿਆਦਾ ਹੈ ਤੇ ਇਸ ਦਾ ਬਿਆਨ ਕਰਨਾ ਇਨਸਾਨ ਦੀ ਅਕਲ ਤੋਂ ਬਾਹਰ ਹੈ। ਇਸ ਵਿੱਚ ਐਸੀ ਤਾਕਤ ਵੀ ਦੱਸੀ ਗਈ ਹੈ ਕਿ ਇਸ ਪ੍ਰਤੀ ਦਰਸਾਈਆਂ ਸਾਖੀਆਂ ਗੈਰ ਯਕੀਨੀ ਭਾਸਦੀਆਂ ਹਨ।

ਉਪਰੋਕਤ ਨੁਕਤੇ ਸਬੰਧੀ ਆਓ ਦੇਖੀਏ ਗੁਰੂ ਸਾਹਿਬਾਂ ਦਾ ਗੁਰ ਗ੍ਰੰਥ ਸਾਹਿਬ ਚ ਅੰਕਿਤ ਕੀਤੇ ਵਿਚਾਰ :

**ਗੁਰੂ ਸਾਹਿਬ ਦੀ ਧਰਮ ਗ੍ਰੰਥਾਂ ਦੇ ਵਿਚਾਰ ਪ੍ਰਤੀ ਸਹਿਮਤੀ:**

ਇਸ ਮਾਤਲੋਕ ਵਿੱਚ ਵੇਦ, ਪੁਰਾਨ, ਸਿੰਮ੍ਰਿਤਿ, ਸ਼ਾਸਤਰ, ਗੀਤਾ, ਕੁਰਾਨ ਅੰਜੀਲ ਆਦਿ ਪ੍ਰਭੂ ਨਾਮ ਦੀਆਂ ਕਿਰਣਾਂ ਦਾ ਹੀ ਚਮਤਕਾਰ ਹਨ।

*ਨਾਮ ਕੇ ਧਾਰੇ ਸਿੰਮ੍ਰਿਤਿ ਬੇਦ ਪੁਰਾਣ। ਨਾਮ ਕੇ ਧਾਰੇ ਸੁਣਨ ਗਿਆਨ ਧਿਆਨ॥* (ਪੰਨਾ 284)

*(ੳ) ਨਾਮ ਦੀ ਮਹਿਮਾ:* ਨਾਮ ਦੀ ਪਵਿੱਤਰ ਕਣੀ ਕਰਕੇ ਹੀ ਬੇਦ, ਪੁਰਾਨ, ਸਿੰਮ੍ਰਿਤਿ ਤੇ ਸ਼ਾਸਤਰਾਂ ਨੂੰ ਭਾਰਤੀ ਜਨਤਾ ਵਲੋਂ ਸ਼ੁਧ ਅੱਖਰ (ਪਵਿੱਤਰ ਗ੍ਰੰਥ) ਦੀ ਪਦਵੀ ਦਿੱਤੀ ਗਈ ਹੈ, ਕਿਉਂਕਿ ਇਹਨਾਂ ਵਿੱਚ ਪ੍ਰਭੂ ਨਾਮ ਦੇ ਗੁਣਾਂ ਪ੍ਰਤੀ ਵਿਚਾਰਾਂ ਦਰਜ ਹਨ, ਪਾਰਬ੍ਰਹਮ ਦਾ ਵਖਿਆਨ ਕੀਤਾ ਹੈ ਤੇ ਪ੍ਰਭੂ ਨਾਮ ਦਰਸਾਇਆ ਹੈ, ਜੋ ਮਹਾਨ ਉਤਮ ਹੈ। ਇਹਨਾਂ ਦੀ ਪੂਜਾ ਵੀ ਇਸੇ ਲਈ ਹੁੰਦੀ ਚਲੀ ਆ ਰਹੀ ਹੈ।

*ਬੇਦ ਪੁਰਾਨ ਸਿੰਮ੍ਰਿਤਿ ਸੁਧਾਖ੍ਯਰ॥ ਕੀਨੇ ਰਾਮ ਨਾਮ ਇਕ ਆਖ੍ਯਰ॥* (ਪੰਨਾ 262)

*ਸਿਮ੍ਰਿਤਿ ਸਾਸਤ੍ ਬੇਦ ਪੁਰਾਣ॥ ਪਾਰਬ੍ਰਹਮ ਕਾ ਕਰਹਿ ਵਖਿਆਣ॥* (ਪੰਨਾ 867)

*ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ॥* (ਪੰਨਾ 919)

ਗੁਰੂ ਸਾਹਿਬਾਂ ਨੇ ਗੁਰੂ ਗ੍ਰੰਥ ਸਾਹਿਬ ਵਿੱਚ ਦਰਸਾਈ ਬਾਣੀ ਰਾਹੀਂ ਵੇਦਾਂ ਪ੍ਰਤੀ ਤਸਦੀਕ ਕੀਤਾ ਹੈ ਕਿ ਕਲਿਯੁਗ ਵਿੱਚ ਜਿਸ ਪ੍ਰਾਣੀ ਤੇ ਪ੍ਰਭੂ ਦੀ ਕਿਰਪਾ ਹੁੰਦੀ ਹੈ ਉਹੀ ਪ੍ਰਭੂ ਨਾਮ ਦਾ ਸਿਮਰਣ ਕਰਦਾ ਹੈ ਤੇ ਉਹਦੀ ਹੀ ਪਰਮ ਗਤੀ ਹੁੰਦੀ ਹੈ। ਪ੍ਰਭੂ ਨਾਮ ਜਪਣ ਤੋਂ ਉਪਰ ਹੋਰ ਕੋਈ ਧਰਮ ਵੀ ਨਹੀਂ ਹੈ।

*ਕਲ ਮੈ ਏਕੁ ਨਾਮੁ ਕਿਰਪਾ ਨਿਧਿ ਜਾਹਿ ਜਪੈ ਗਤਿ ਪਾਵੈ॥* (ਪੰਨਾ 632)
*ਅਉਰ ਧਰਮ ਤਾ ਕੈ ਸਮ ਨਾਹਨਿ ਇਹ ਬਿਧਿ ਬੇਦੁ ਬਤਾਵੈ॥*

ਗੁਰੂ ਸਾਹਿਬ ਇਹ ਵੀ ਫੁਰਮਾਉਂਦੇ ਹਨ ਕਿ ਧਰਮ ਸ਼ਾਸਤਰ ਵੀ ਉਸ ਪ੍ਰਭ ਦੇ ਹੀ ਗੁਣ ਗਾਉਂਦੇ ਹਨ, ਉਸ ਦੇ ਨਾਮ ਦੀ ਮਹਿਮਾ ਕਰਦੇ ਹਨ, ਵੱਡੇ ਵੱਡੇ ਦੇਵਤੇ ਸ੍ਰਿਸ਼ਟੀ ਨੂੰ ਸੰਭਾਲਣ ਵਾਲੇ, ਉਸ ਦੇ ਦਰ ਤੇ ਖੜੇ ਉਸ ਦਾ ਜੱਸ ਕਰਦੇ ਹਨ ਤੇ ਉਸ ਦੀ ਕਿਰਪਾ ਲਈ ਲੋਚਨਾ ਵਿੱਚ ਲੱਗੇ ਰਹਿੰਦੇ ਹਨ ਪਰੰਤੂ ਉਸ ਦਾ ਅੰਤ ਨਹੀਂ ਪਾ ਸਕਦੇ।

ਕੋਟਿ ਕੋਟਿ ਤੇਤੀਸ ਧਿਆਇਓ ਹਰਿ ਜਪਤਿਆ ਅੰਤੁ ਨ ਪਾਇਆ॥
ਬੇਦ ਪੁਰਾਣ ਸਿਮ੍ਰਿਤਿ ਹਰਿ ਜਪਿਆ ਮੁਖਿ ਪੰਡਿਤ ਹਰਿ ਗਾਇਆ॥ (ਪੰਨਾ 995)
ਚਤੁਰ ਬੇਦ ਉਚਰਤ ਦਿਨੁ ਰਾਤਿ। ਅਗਮ ਅਗਮ ਠਾਕੁਰੁ ਆਗਾਧਿ॥ (ਪੰਨਾ 535)
ਤੁਧੁ ਧਿਆਇਨਿ ਬੇਦ ਕਤੇਬਾ ਸਣੁ ਖੜੇ॥
ਗਣਤੀ ਗਣੀ ਨ ਜਾਇ ਤੇਰੈ ਦਰਿ ਪੜੇ॥
ਬ੍ਰਹਮੇ ਤੁਧੁ ਧਿਆਇਨਿ ਇੰਦ੍ਰ ਇੰਦ੍ਰਾਸਣਾ॥
ਸੰਕਰ ਬਿਸਨ ਅਵਤਾਰ ਹਰਿ ਜਸੁ ਮੁਖਿ ਭਣਾ॥ (ਪੰਨਾ 518)
ਬੇਦ ਪੁਰਾਣ ਸਾਸਤ੍ਰ ਬੀਚਾਰੰ। ਏਕੰਕਾਰ ਨਾਮ ਉਰ ਧਾਰੰ॥
ਕੁਲਹ ਸਮੂਹ ਸਗਲ ਉਧਾਰੰ॥ ਬਡਭਾਗੀ ਨਾਨਕ ਕੋ ਤਾਰੰ॥ (ਪੰਨਾ 1361)
ਬੇਦ ਪੁਰਾਨ ਜਾਸ ਗੁਨ ਗਾਵਤ ਤਾ ਕੋ ਨਾਮੁ ਹੀਐ ਮੋ ਧਰੁ ਰੇ॥ (ਪੰਨਾ 220)
ਬੇਦ ਪੁਰਾਨ ਸਿਮ੍ਰਿਤਿ ਸਾਧੂ ਜਨ ਇਹ ਬਾਣੀ ਰਸਨਾ ਭਾਖੀ॥
ਜਪਿ ਰਾਮ ਨਾਮੁ ਨਾਨਕ ਨਿਸਤਰੀਐ ਹੋਰੁ ਦੁਤੀਆ ਬਿਰਥੀ ਸਾਖੀ॥ (ਪੰਨਾ 1227)
ਖਟ ਸਾਸਤ੍ਰ ਊਚੌ ਕਹਹਿ ਅੰਤੁ ਨ ਪਾਰਾਵਾਰ॥
ਭਗਤ ਸੋਹਹਿ ਗੁਣ ਗਾਵਤੇ ਨਾਨਕ ਪ੍ਰਭ ਕੈ ਦੁਆਰ॥ (ਪੰਨਾ 298)

ਗੁਰੂ ਅਮਰਦਾਸ ਸਾਹਿਬ ਜਦੋਂ ਗੰਗਾ ਜੀ ਤੇ ਪ੍ਰਚਾਰ ਲਈ ਗਏ ਸਨ ਤਾਂ ਬੜੇ ਸਿਆਣੇ ਗੁਣਵਾਨ ਪੁਰਸ਼ਾਂ ਨੇ ਇਕੱਠੇ ਹੋ ਆਪਣੇ ਸ਼ੰਕੇ ਦੱਸੇ ਤਾਂ ਗੁਰੂ ਸਾਹਿਬ ਨੇ ਸਿਮ੍ਰਿਤਿ ਵਿੱਚੋਂ ਹੀ ਸਭ ਕੁਝ ਸਹੀ ਕਰ ਦੱਸਿਆ ਕਿ ਕਿਵੇਂ ਸੁਖਦੇਵ, ਪ੍ਰਹਿਲਾਦ, ਰਾਮ ਚੰਦਰ ਜੀ ਨੇ ਗੁਰੂ ਗੋਬਿੰਦ ਕਰਕੇ ਧਿਆਇਆ ਤੇ ਦੇਹੀ ਰੂਪ ਨਗਰ ਦੇ ਕਿਲੇ ਵਿੱਚੋਂ ਕਾਮਾਦਿਕ ਚੋਰਾਂ ਦਾ ਡੇਰਾ ਚੁਕ ਦਿੱਤਾ।

ਗੁਰੂ ਸਤਿਗੁਰੁ ਗੁਰ ਗੋਵਿੰਦੁ ਪੁਛਿ ਸਿਮ੍ਰਿਤਿ ਕੀਤਾ ਸਹੀ॥
ਸਿਮ੍ਰਿਤਿ ਸਾਸਤ੍ਰ ਸਭਨੀ ਸਹੀ ਕੀਤਾ ਸ਼ਕਿ ਪਹਿਲਾਦਿ
ਸ੍ਰੀ ਰਾਮ ਕਰਿ ਗੁਰੁ ਗੋਬਿੰਦੁ ਧਿਆਇਆ॥
ਦੇਹੀ ਨਗਰਿ ਕੋਟਿ ਪੰਚ ਚੋਰ ਬਟਵਾਰੇ ਤਿਨਾ ਕਾ ਥਾਉ ਥੇਹੁ ਗਵਾਇਆ॥ (ਪੰਨਾ 1117)

<u>(ਅ) ਗੁਰੂ ਦੀ ਮਹਿਮਾ:</u> ਅਧਿਆਤਮਿਕ ਰਸਤੇ ਦੀ ਪੂਰਤੀ ਲਈ ਗੁਰੂ ਦੀ ਬਹੁਤ ਮਹਾਨਤਾ ਹੈ। ਪ੍ਰਮਾਤਮਾ ਦੀ ਮਿਹਰ ਹੋਵੇ ਤਾਂ ਗੁਰੂ ਨਾਲ ਮਿਲਾਪ ਹੁੰਦਾ ਹੈ। ਗੁਰੂ ਦੀ ਸੇਵਾ ਤੇ ਉਸ ਦੀ ਪ੍ਰਸੰਨਤਾ, ਪ੍ਰਭੂ ਨਾਮ ਦਾ ਪਾਤਰ ਬਣਾਉਂਦੀ ਹੈ। ਜਿਸ ਦੇ ਸਿਮਰਣ ਨਾਲ ਹੌਲੀ ਹੌਲੀ ਹਉਮੈ ਦੂਰ ਹੁੰਦੀ ਹੈ ਤੇ ਪ੍ਰਾਣੀ ਪ੍ਰਭੂ ਦੇ ਨੇੜੇ ਆਉਂਦਾ ਹੈ ਤੇ ਦਰਸ਼ਨਾਂ ਦਾ ਅਭਿਲਾਖੀ ਹੋ ਇੱਕ ਦਿਨ ਉਸ ਵਿੱਚ ਹੀ ਸਮਾ ਜਾਂਦਾ ਹੈ। ਗੁਰੂ ਬਾਰੇ ਗੁਰੂ ਸਾਹਿਬਾਂ ਤੇ ਧਰਮ ਗ੍ਰੰਥਾਂ ਦੇ ਵਿਚਾਰਾਂ ਵਿੱਚ ਗੁਰੂ ਗ੍ਰੰਥ ਸਾਹਿਬ ਅਨੁਸਾਰ ਸਹਿਮਤੀ ਹੈ।

ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ।
ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ॥ (ਪੰਨਾ 59)
ਸਾਸਤ ਬੇਦ ਸਿਮ੍ਰਿਤਿ ਸਭਿ ਸੋਧੇ ਸਭ ਏਕਾ ਬਾਤ ਪੁਕਾਰੀ॥
ਬਿਨੁ ਗੁਰ ਮੁਕਤਿ ਨ ਕੋਊ ਪਾਵੈ ਮਨਿ ਵੇਖਹੁ ਕਰਿ ਬੀਚਾਰੀ॥ (ਪੰਨਾ 495)
ਸਿੰਮ੍ਰਿਤਿ ਸਾਸਤ ਸੋਧਿਆ ਭਾਈ ਵਿਣੁ ਸਤਿਗੁਰ ਭਰਮੁ ਨਾ ਜਾਏ॥ (ਪੰਨਾ 608)
ਬਿਨੁ ਸਤਿਗੁਰ ਕਿਨੈ ਨਾ ਪਾਈ ਪਰਮ ਗਤੇ। ਪੂਛਹੁ ਸਗਲ ਬੇਦ ਸਿੰਮ੍ਰਿਤੇ॥ (ਪੰਨਾ 1348)

<u>ਗੁਰੂ ਸਾਹਿਬ ਦੇ ਆਪਣੇ ਵਿਚਾਰ:</u> ਗੁਰੂ ਦੇ ਮਿਲਾਪ ਨਾਲ ਸ਼ਾਂਤੀ ਆਉਂਦੀ ਹੈ, ਪ੍ਰਭੂ ਭਗਤੀ ਜਾਗਦੀ ਹੈ ਕਿਉਂਕਿ ਉਹ ਆਪ ਸਾਸ ਗ੍ਰਾਸ ਭਗਤੀ ਵਿੱਚ ਲੀਨ ਰਹਿੰਦਾ ਹੈ। ਗੁਰੂ ਦੀ ਸੇਵਾ ਨਾਲ ਹਰਿਨਾਮ ਨਾਲ ਲਿਵ ਲਗ ਜਾਂਦੀ ਹੈ ਤੇ ਤਾਤ ਪਾਈ ਦੀ ਦ੍ਰਿਸਟੀ ਮਿਟ ਜਾਂਦੀ ਹੈ ਤੇ ਉਹ ਸਚਾ ਦੋਸਤ ਹੋ ਵਿੱਚਰਦਾ ਹੈ ਕਿਉਂਕਿ ਉਸ ਨੇ ਸਚੇ ਪ੍ਰੇਮ ਦੀ ਜਾਗ ਲਗਾ ਦਿੱਤੀ ਹੁੰਦੀ ਹੈ।

*ਧਨ ਧਨ ਸਤਿਪੁਰਖ ਸਤਿਗੁਰੂ ਹਮਾਰਾ ਜਿਤ ਮਿਲੀਐ ਹਮ ਕਉ ਸਾਂਤ ਆਈ॥*

- - - - - - - - - - - - - - - - - - - - - - - - -

*ਧਨ ਧਨ ਸਤਿਗੁਰੁ ਮਿਤਰ ਹਮਾਰਾ ਜਿਨ ਹਰਿ ਨਾਮ ਸਿਉ ਹਮਾਰੀ ਪ੍ਰੀਤ ਬਨਾਈ॥*

ਸਤਿਗੁਰੂ/ਬ੍ਰਹਮ ਗਿਆਨੀ ਵਿੱਚ ਪਾਰਬ੍ਰਹਮ ਦੇ ਗੁਣ 'ਨਿਰਭਯਤਾ' ਤੇ 'ਨਿਰਵੈਰਤਾ' ਪ੍ਰਵੇਸ਼ ਕਰ ਜਾਂਦੇ ਹਨ ਉਹ ਹਮੇਸ਼ਾ ਪ੍ਰਭੂ ਦੇ ਹੁਕਮਾਂ ਨੂੰ ਜਾਣਦੇ ਹੋਏ ਉਹਨਾਂ ਦੇ ਵਿੱਚ ਹੀ ਵਿਚਰਦੇ ਹਨ ਤੇ ਜਨਤਾ ਨੂੰ ਨਿਰੋਲ ਸੇਧ ਦਿੰਦੇ ਹਨ। ਇਸੇ ਲਈ ਉਹਨਾਂ ਦੀ ਪਾਰਬ੍ਰਹਮ ਚ ਅਭੇਦਤਾ ਦਰਸਾਈ ਹੈ।

*ਨਾਨਕ ਸੋਧੇ ਸਿੰਮ੍ਰਿਤਿ ਬੇਦ। ਪਾਰਬ੍ਰਹਮ ਗੁਰ ਨਾਹੀ ਭੇਦ॥* (ਪੰਨਾ 1142)

*ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ॥*

- - - - - - - - - - - - - - - - - - - -

*ਗੁਰਦੇਵ ਸਤਿਗੁਰ ਪਾਰਬ੍ਰਹਮ ਪਰਮੇਸਰੁ, ਗੁਰਦੇਵ ਨਾਨਕ ਹਰਿ ਨਮਸਕਰਾ॥* (ਪੰਨਾ 262)

*ਬ੍ਰਹਮ ਗਿਆਨੀ ਕਾ ਸਗਲ ਅਕਾਰੁ॥ ਬ੍ਰਹਮ ਗਿਆਨੀ ਆਪਿ ਨਿਰੰਕਾਰੁ॥* (ਪੰਨਾ 274)

(ੲ) ਸਾਧ ਸੰਗਤਿ ਦੀ ਮਹਿਮਾ:

*ਬੇਦ ਸਿੰਮ੍ਰਿਤਿ ਕਥੈ ਸਾਸਤ ਭਗਤ ਕਰਹਿ ਬੀਚਾਰੁ॥*

*ਮੁਕਤਿ ਪਾਈਐ ਸਾਧ ਸੰਗਤਿ ਬਿਨਸਿ ਜਾਇ ਅੰਧਾਰੁ॥* (ਪੰਨਾ 675)

*ਸਾਸਤ੍ਰ ਬੇਦ ਸੋਧਿ ਸੋਧਿ ਦੇਖੇ ਮੁਨਿ ਨਾਰਦ ਬਚਨ ਪੁਕਾਰੇ॥*

*ਰਾਮ ਨਾਮ ਪੜਹੁ ਗਤਿ ਪਾਵਹੁ ਸਤ ਸੰਗਤਿ ਗੁਰ ਨਿਸਤਾਰੇ॥* (ਪੰਨੇ 983)

*ਗੁਨ ਨਾਦ ਧੁਨਿ ਅਨੰਦ ਬੇਦ। ਕਥਤ ਸੁਨਤ ਮੁਨਿ ਜਨਾ ਮਿਲਿ ਸੰਤ ਮੰਡਲੀ॥* (ਪੰਨਾ 1322)

*ਸਿੰਮ੍ਰਿਤਿ ਪੁਰਾਣ ਚਤੁਰ ਬੇਦਹ ਖਟੁ ਸਾਸਤ੍ਰ ਜਾ ਕਉ ਜਪਾਤਿ॥*

*ਪਤਿਤ ਪਾਵਨ ਭਗਤਿ ਵਛਲ ਨਾਨਕ ਮਿਲੀਐ ਸੰਗਿ ਸਾਤਿ॥* (ਪੰਨਾ 456)

ਗੁਰੂ ਸਾਹਿਬਾਂ ਦੇ ਆਪਣੇ ਵਿਚਾਰ:

*ਗੁਰਦੇਵ ਸੰਗਤਿ ਪ੍ਰਭ ਮੇਲਿ ਕਰਿ ਕਿਰਪਾ ਹਮ ਮੂੜ ਪਾਪੀ ਜਿਤੁ ਲਗਿ ਤਰਾ॥*

*ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ, ਗੁਰਦੇਵ ਨਾਨਕ ਹਰਿ ਨਮਸਕਰਾ॥* (ਪੰਨਾ 262)

*ਸਤ ਸੰਗਤਿ ਕੈਸੀ ਜਾਣੀਐ। ਜਿਥੈ ਏਕੋ ਨਾਮੁ ਵਖਾਣੀਐ॥* (ਪੰਨਾ 72)

*ਬਿਸਰਿ ਗਈ ਸਭ ਤਾਤਿ ਪਰਾਈ। ਜਬ ਤੇ ਸਾਧ ਸੰਗਤਿ ਮੋਹਿ ਪਾਈ॥* (ਪੰਨਾ 1299)

ਗੁਰੂ ਸਾਹਿਬਾਂ ਦਾ ਧਰਮ ਗ੍ਰੰਥ ਸੋਧਨ ਉਪਰੰਤ ਤੱਤ: ਗੁਰੂ ਗ੍ਰੰਥ ਸਾਹਿਬ ਰਾਹੀਂ ਇਹ ਸਪਸ਼ਟ ਹੈ ਕਿ ਗੁਰੂ ਸਾਹਿਬਾਂ ਨੇ ਸਨਾਤਨ ਗ੍ਰੰਥ ਵੇਦ, ਸ਼ਾਸਤ੍ਰ, ਸਿੰਮ੍ਰਿਤਿ, ਪੁਰਾਨ, ਗੀਤਾ, ਕੁਰਾਨ ਅੰਜੀਲ ਆਦਿ ਵੀਚਾਰੇ ਹਨ ਸੋਧੇ ਹਨ ਤੇ ਫੁਰਮਾਇਆ ਕਿ ਪ੍ਰਭੂ ਅਕਾਲ ਮੂਰਤ ਹੈ ਆਦਿ ਤੋਂ ਅੰਤ ਤਕ ਉਹ ਆਪ ਹੀ ਪਸਰ ਰਿਹਾ ਹੈ ਉਸ ਹਰੀ ਦੀ ਭਗਤੀ ਗੁਰੂ (ਜੋ ਧਰਮ ਸਾਸਤਰਾਂ ਤੋਂ ਉਪਰ ਹੈ ਤੇ ਪਾਰਬ੍ਰਹਮ ਵਿੱਚ ਅਭੇਦ ਹੈ) ਦੀ ਸ਼ਰਨ ਪਇਆਂ ਹੀ ਮਿਲਦੀ ਹੈ ਤੇ ਜਿਸ ਤੋਂ ਬਗੈਰ ਮੁਕਤੀ ਨਹੀਂ ਪ੍ਰਾਪਤ ਹੋ ਸਕਦੀ। ਗੁਰੂ ਦਾ ਦਿੱਤਾ ਇੱਕ ਅੱਖਰ ਜੇ ਜਪਿਆ ਜਾਵੇ, ਸਾਰੇ ਭਰਮ ਦੂਰ ਕਰ ਦਿੰਦਾ ਹੈ। ਧਰਮ ਸ਼ਾਸਤਰਾਂ ਵਿੱਚ ਨਾਮ ਤੋਂ ਬਗੈਰ ਜੋ ਵੀ ਦਰਸਾਇਆ ਗਿਆ ਹੈ ਉਹ ਅਧਿਆਤਮਿਕ ਰਸਤੇ ਲਈ ਫਜ਼ੂਲ ਹੈ। ਇਹਨਾਂ ਦੀ ਲਿਖਤ ਹਰੀ ਨਾਮ ਦੀ ਤੁਲਨਾ ਨਹੀਂ ਕਰ ਸਕਦੀ; ਮੁਕਤੀ ਭੀ ਨਹੀਂ ਮਿਲ ਸਕਦੀ ਜਦੋਂ ਤਕ ਪ੍ਰਭੂ ਪ੍ਰੇਮ ਨ ਜਾਗੇ ਜਾਂ ਹਰਿ ਨਾਮ ਮਨ ਵਿੱਚ ਨ ਵਸੇ। ਉਹ ਪ੍ਰਭੂ ਭੈ ਹਰਨ, ਸੁਖਾਂ ਦਾ ਸਾਗਰ ਤੇ ਪਤਿਤ ਉਧਾਰਨ ਹੈ ਜਿਸ ਪ੍ਰਤੀ ਅਨੇਕ ਸ਼ਾਸਤਰ ਪੜੇ ਜਾਂਦੇ ਹਨ, ਕਥਾਵਾਂ ਕੀਤੀਆਂ ਜਾਂਦੀਆਂ ਹਨ ਪਰੰਤੂ ਜਦੋਂ ਸੋਝੀ ਆ ਜਾਂਦੀ ਹੈ ਤਾਂ ਗੁਰਮੁਖ ਮੋਨ ਧਾਰ ਲੈਂਦਾ ਹੈ ਤੇ ਗੂੰਗਿਆਂ ਵਾਂਗ ਨਾਮ ਰਸ ਦਾ ਸੁਆਦ ਲੈਂਦਾ ਹੈ।

*ਨਾਨਕ ਸੋਧੇ ਸਿੰਮ੍ਰਿਤਿ ਬੇਦ, ਪਾਰਬ੍ਰਹਮ ਗੁਰ ਨਾਹੀ ਭੇਦ॥* (ਪੰਨਾ 260)

*ਸਾਸਤ ਸਿੰਮ੍ਰਿਤਿ ਸੋਧਿ ਦੇਖਹੁ ਕੋਇ। ਵਿਣੁ ਨਾਵੈ ਕੋ ਮੁਕਤਿ ਨ ਹੋਇ॥* (ਪੰਨਾ 229)

*ਘੋਖੇ ਸਾਸਤ੍ਰ ਬੇਦ ਸਭ ਆਨ ਨ ਕਥਤਉ ਕੋਇ॥*

ਆਦਿ ਜੁਗਾਦੀ ਹੁਣਿ ਹੋਵਤ ਨਾਨਕ ਏਕੈ ਸੋਇ॥ (ਪੰਨਾ 254)

ਸਸਾ ਸਰਨਿ ਪਰੇ ਅਬ ਹਾਰੇ। ਸਾਸਤ੍ਰ ਸਿਮ੍ਰਿਤਿ ਬੇਦ ਪੂਕਾਰੇ॥

ਸੋਧਤ ਸੋਧਤ ਸੋਧਿ ਬੀਚਾਰਾ। ਬਿਨ ਹਰਿ ਭਜਨ ਨਹੀਂ ਛੁਟਕਾਰਾ॥ (ਪੰਨਾ 260)

ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢੰਢੋਲਿ॥

ਪੂਜਿਸ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ॥ (ਪੰਨਾ 265)

ਅਨਿਕ ਉਪਾਵ ਨ ਛੂਟਨਹਾਰੇ। ਸਿੰਮ੍ਰਿਤਿ ਸਾਸਤ ਬੇਦ ਬੀਚਾਰੇ॥

ਹਰਿ ਕੀ ਭਗਤਿ ਕਰਹੁ ਮਨੁ ਲਾਇ। ਮਨਿ ਬੰਛਤ ਨਾਨਕ ਫਲ ਪਾਇ॥ (ਪੰਨਾ 288)

ਸਿੰਮ੍ਰਿਤਿ ਸਾਸਤ ਸੋਧਿਆ ਭਾਈ। ਵਿਣੁ ਸਤਿਗੁਰ ਭਰਮੁ ਨ ਜਾਇ॥ (ਪੰਨਾ 608)

ਬੇਦ ਕਤੇਬ ਸਿੰਮ੍ਰਿਤਿ ਸਭਿ ਸਾਸਤ ਇਨ੍ਹ ਪੜਿਆ ਮੁਕਤਿ ਨ ਹੋਈ॥

ਏਕ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ॥ (ਪੰਨਾ 747)

ਸਿੰਮ੍ਰਿਤਿ ਸਾਸਤ ਬੇਦ ਬੀਚਾਰੇ। ਜਪੀਐ ਨਾਮੁ ਜਿਤੁ ਪਾਰਿ ਉਤਾਰੇ॥ (ਪੰਨਾ 804)

ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ। ਨਾਮ ਬਿਨਾ ਸਭਿ ਕੂੜੁ ਗਾਲੀ ਹੋਛੀਆ॥ (ਪੰਨਾ 761)

ਸਿਮ੍ਰਿਤਿ ਸਾਸਤ ਸੋਧਿ ਦੇਖੁ ਊਤਮ ਹਰਿ ਦਾਸਾ॥

ਨਾਨਕ ਨਾਮ ਬਿਨਾ ਕੋ ਥਿਰੁ ਨਹੀ ਨਾਮੇ ਬਲਿ ਜਾਸਾ॥ (ਪੰਨਾ 1090)

ਚਾਰਿ ਬੇਦ ਜਿਹਵ ਭਨੇ। ਦਸ ਅਸਟ ਖਸਟ ਸ੍ਵਨ ਸੁਨੇ॥

ਨਹੀ ਤੁਲਿ ਗੋਬਿੰਦ ਨਾਮ ਧੁਨੇ। ਮਨ ਚਰਨ ਕਮਲ ਲਾਗੇ॥ (ਪੰਨਾ 1229)

ਚਾਰੇ ਕੁੰਡਾ ਜੇ ਭਵਹਿ ਬੇਦ ਪੜਹਿ ਜੁਗ ਚਾਰਿ॥

ਨਾਨਕ ਸਾਚਾ ਭੇਟੈ ਹਰਿ ਮਨਿ ਵਸੈ ਪਾਵਹਿ ਮੋਖ ਦੁਆਰੁ॥ (ਪੰਨਾ 1421)

ਗੁਰ ਕੀ ਮਹਿਮਾ ਬੇਦ ਨ ਜਾਣਹਿ। ਤੁਛ ਮਾਤ ਸੁਣਿ ਸੁਣਿ ਵਖਾਣਹਿ॥ (ਪੰਨਾ 1078)

ਬਿਨੁ ਹਰਿ ਨਾਮ ਨ ਟੂਟਸਿ ਪਟਲ। ਸੋਧੇ ਸਾਸਤ੍ਰ ਸਿਮ੍ਰਿਤਿ ਸਗਲ॥ (ਪੰਨਾ 890)

ਬੇਦ ਪੁਰਾਨ ਸਿਮ੍ਰਿਤਿ ਸੁਨੇ ਬਹੁ ਬਿਧਿ ਕਰਉ ਬੀਚਾਰੁ॥

ਪਤਿਤ ਉਧਾਰਨ ਭੈ ਹਰਨ ਸੁਖ ਸਾਗਰ ਨਿਰੰਕਾਰ॥ (ਪੰਨਾ 296)

ਸਾਸਤ੍ਰ ਬੇਦ ਪੁਰਾਣ ਪੜੰਤਾ। ਪੂਕਾਰੰਤਾ ਅਜਾਣੰਤਾ॥

ਜਾਂ ਬੂਝੈ ਤਾਂ ਸੂਝੈ ਸੋਈ। ਨਾਨਕ ਆਖੈ ਕੂਕ ਨ ਹੋਈ॥ (ਪੰਨਾ 1242)

ਗੁਰੂ ਸਾਹਿਬਾਂ ਦੀ ਗ੍ਰੰਥਾਂ ਪ੍ਰਤੀ ਅਸਹਿਮਤੀ: ਸਨਾਤਨੀ ਗ੍ਰੰਥਾਂ (ਵੇਦ, ਸਾਸਤ੍ਰ, ਪੁਰਾਨ, ਸਿੰਮ੍ਰਿਤਿ ਆਦਿ) ਵਿੱਚ ਜਿੱਥੇ ਹਰਿ ਦੇ ਗੁਣਾਂ ਦਾ ਵਰਣਨ ਹੈ, ਗੁਰ ਦੀ ਪ੍ਰਸੰਸਾ ਤੇ ਮੁਕਤੀ ਦੇ ਰਾਹ ਦਰਸਾਏ ਹਨ, ਉੱਥੇ ਪ੍ਰਾਣੀ ਨੂੰ ਜੀਵਨ ਚ ਵਿਚਰਣ ਲਈ ਹਰ ਤਰ੍ਹਾਂ ਦਾ ਗਿਆਨ ਜਿੱਦਾਂ ਕਿ ਵਿਓਹਾਰਕ, ਪ੍ਰਸ਼ਾਸਨਿਕ, ਸਿਆਸਤ, ਵਿਗਿਆਨਿਕ, ਭਗੋਲਿਕ, ਜੋਤਿਸ਼, ਚਕਿਤਸਾ, ਤੀਰਥਾਂ ਦੀ ਯਾਤਰਾ, ਗੁਰੂ ਤੇ ਸ਼ਿਸ਼ ਦੀ ਪ੍ਰੰਪਰਾ, ਯੁਧਨੀਤੀ, ਜਾਤ ਪਾਤ ਬ੍ਰਾਹਮਣ, ਕਸ਼ਤਰੀ, ਵੈਸ਼ ਤੇ ਸ਼ੂਦਰ ਦੇ ਕਰਮ ਤੇ ਆਪਸ ਵਿੱਚ ਵਿਓਹਾਰ, ਤ੍ਰੈ ਗੁਣੀ (ਰਜੋ, ਸਤੋ, ਤਮੋ) ਵੀਚਾਰਾਂ, ਪ੍ਰਾਣੀ ਲਈ ਕਰਮ ਕਾਂਡ, ਪਾਠ, ਪੂਜਾ, ਹਵਨ, ਵਰਤ, ਜੋਗ ਆਸਨ, ਦੇਵਤਿਆਂ ਤੇ ਰਾਕਸ਼ਸਾਂ ਦੀਆਂ ਕਹਾਣੀਆਂ/ਲੜਾਈਆਂ, ਦਾਨ ਦੇਣਾ-ਲੈਣਾ, ਰਾਜੇ ਰਾਣੀਆਂ ਦੀਆਂ ਕਹਾਣੀਆਂ ਤੇ ਹੋਰ ਅਸ਼ਲੀਲ ਬਾਤਾਂ ਦਾ ਬਿਆਨ ਵੀ ਹੈ। ਜਿਸ ਦਾ ਰੂਹਾਨੀਅਤ ਦੀ ਉਨਤੀ ਲਈ ਕੋਈ ਲਾਭ ਨਹੀਂ ਹੈ। ਇਹਨਾਂ ਨੂੰ ਪੜ੍ਹ ਕੇ ਪ੍ਰਾਣੀ ਭਰਮਾਂ ਵਿੱਚ ਹੀ ਪੈਂਦਾ ਹੈ, ਮਾਇਆ ਦੇ ਘੇਰੇ ਵਿੱਚ ਆਉਣ ਨਾਲ ਜਨਮ ਮਰਣ ਦੇ ਚੱਕਰਾਂ ਦਾ ਭਾਗੀ ਬਣਦਾ ਹੈ। ਜਿੰਨਾ ਚਿਰ ਗ੍ਰੰਥ ਪੜ੍ਹ ਕੇ ਪ੍ਰਭੂ ਪ੍ਰੇਮ ਨਹੀਂ ਜਾਗਦਾ ਤੁਰੀ ਅਵਸਥਾ ਪ੍ਰਾਪਤ ਨਹੀਂ ਹੋ ਸਕਦੀ। ਕਰਮ ਕਾਂਡ ਕਰਨ ਨਾਲ, ਤੀਰਥ ਇਸ਼ਨਾਨ ਕਰਨ ਨਾਲ ਹੰਕਾਰ ਵਿਆਪਦਾ ਹੈ ਜਿਸ ਰਾਹੀਂ ਜਨਮ ਮਰਨ ਦਾ ਗੇੜ ਚਲਦਾ ਰਹਿੰਦਾ ਹੈ। ਇਸ ਪ੍ਰਤੀ ਸਤਿਗੁਰਾਂ ਇਸ ਤਰ੍ਹਾਂ ਫੁਰਮਾਇਆ ਹੈ।

ਜਨਮਿ ਮਰੈ ਤ੍ਰੈ ਗੁਣ ਹਿਤਕਾਰੁ। ਚਾਰੇ ਬੇਦ ਕਥਹਿ ਆਕਾਰੁ॥

ਤੀਨਿ ਅਵਸਥਾ ਕਹਹਿ ਵਖਿਆਨੁ। ਤੁਰੀ ਅਵਸਥਾ ਸਤਿਗੁਰ ਤੇ ਹਰਿ ਜਾਨੁ॥ (ਪੰਨਾ 154)

ਖਟੁ ਸਾਸਤ ਬਿਚਰਤ ਮੁਖਿ ਗਿਆਨਾ। ਪੂਜਾ ਤਿਲਕੁ ਤੀਰਥ ਇਸਨਾਨਾ॥
ਨਿਵਲੀ ਕਰਮ ਆਸਨ ਚਉਰਾਸੀਹ ਇਨ ਮਹਿ ਸਾਂਤਿ ਨ ਆਵੈ ਜੀਉ॥ (ਪੰਨਾ 98)
ਸਿਮ੍ਰਿਤਿ ਸਾਸਤ ਬੇਦ ਵਖਾਣੈ। ਭਰਮੇ ਭੂਲਾ ਤਤੁ ਨ ਜਾਣੈ॥
ਬਿਨੁ ਸਤਿਗੁਰੁ ਸੇਵੇ ਸੁਖੁ ਨ ਪਾਏ ਦੁਖੋ ਦੁਖੁ ਕਮਾਵਣਿਆ॥ (ਪੰਨਾ 114)
ਸਿੰਮ੍ਰਿਤਿ ਸਾਸਤ੍ਰ ਬੇਦ ਬਖਾਨੇ। ਜੋਗ ਗਿਆਨ ਸਿਧ ਸੁਖ ਜਾਨੇ॥
ਨਾਮੁ ਜਪਤ ਪ੍ਰਭ ਸਿਉ ਮਨ ਮਾਨੇ॥ (ਪੰਨਾ 202)
ਬ੍ਰਹਮਾ ਮੂਲੁ ਬੇਦ ਅਭਿਆਸਾ। ਤਿਸ ਤੇ ਉਪਜੇ ਦੇਵ ਮੋਹ ਪਿਆਸਾ॥
ਤ੍ਰੈ ਗੁਣ ਭਰਮੇ ਨਾਹੀ ਨਿਜ ਘਰਿ ਵਾਸਾ॥ (ਪੰਨਾ 230)
ਸਾਸਤ੍ਰ ਬੇਦ ਪੁਰਾਣ ਪੁਕਾਰਹਿ ਧਰਮੁ ਕਰਹੁ ਖਟੁ ਕਰਮ ਦ੍ਰਿੜਈਆ॥
ਮਨਮੁਖ ਪਾਖੰਡਿ ਭਰਮਿ ਵਿਗੂਤੇ ਲੋਭ ਲਹਰਿ ਨਾਵ ਭਾਰਿ ਬੁਡਈਆ॥
ਨਾਮੁ ਜਪਹੁ ਨਾਮੇ ਗਤਿ ਪਾਵਹੁ ਸਿਮ੍ਰਿਤਿ ਸਾਸਤ੍ਰ ਨਾਮੁ ਦ੍ਰਿੜਈਆ॥
ਹਉਮੈ ਜਾਇ ਤਾ ਨਿਰਮਲੁ ਹੋਵੈ ਗੁਰਮੁਖਿ ਪਰਚੈ ਪਰਮ ਪਦੁ ਪਈਆ॥ (ਪੰਨਾ 834)
ਸਿੰਮ੍ਰਿਤਿ ਸਾਸਤ੍ਰ ਬਹੁਤੁ ਬਿਸਥਾਰਾ। ਮਾਇਆ ਮੋਹੁ ਪਸਰਿਆ ਪਾਸਾਰਾ॥ (ਪੰਨਾ 1053)
ਸਿੰਮ੍ਰਿਤਿ ਸਾਸਤ੍ਰ ਪੜਹਿ ਮੁਨਿ ਕੇਤੇ ਬਿਨੁ ਸਬਦੈ ਸੁਰਤਿ ਨ ਪਾਈ॥
ਤ੍ਰੈ ਗੁਣ ਸਭੇ ਰੋਗਿ ਵਿਆਪੇ ਮਮਤਾ ਸੁਰਤਿ ਗਵਾਈ॥ (ਪੰਨਾ 1130)
ਸਿਮ੍ਰਿਤਿ ਸਾਸਤ ਕਰਹਿ ਵਖਿਆਣ। ਨਾਦੀ ਬੇਦੀ ਪੜਹਿ ਪੁਰਾਣ॥
ਪਾਖੰਡ ਦ੍ਰਿਸਟਿ ਮਨਿ ਕਪਟੁ ਕਮਾਹਿ, ਤਿਨ ਕੈ ਰਮਈਆ ਨੇੜਿ ਨਾਹਿ॥ (ਪੰਨਾ 1169)
ਬੇਦੁ ਪੁਕਾਰੇ ਪੁੰਨੁ ਪਾਪੁ ਸੁਰਗ ਨਰਕ ਕਾ ਬੀਉ॥
ਜੋ ਬੀਜੈ ਸੋ ਉਗਵੈ ਖਾਂਦਾ ਜਾਣੈ ਜੀਉ॥ (ਪੰਨਾ 1243)

ਜਾਪਦਾ ਹੈ ਗੁਰੂ ਸਾਹਿਬਾਂ ਨੇ ਜਿਸ ਤਰ੍ਹਾਂ ਬੇਦ, ਸ਼ਾਸਤਰ, ਪੁਰਾਨ ਤੇ ਸਿੰਮ੍ਰਿਤਿ ਦੀਆ ਵੱਖ-ਵੱਖ ਹਿੱਸਿਆਂ ਨੂੰ ਵਿਚਾਰਿਆ/ਸੋਧਿਆ ਉਸ ਸੰਬੰਧੀ ਆਪਣੀ ਰਾਏ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ਼ ਕਰ ਦਿੱਤੀ ਹੈ। ਅਸੀਂ ਤਾਂ ਮੋਤੀ ਹੀ ਚੁਗਨੇ ਹਨ, ਲੋੜੀਂਦਾ ਲਾਭ ਹੀ ਲੈਣਾ ਹੈ, ਹਉਮੈ ਰੋਗ ਕਟਣਾ ਹੈ। ਇਸ ਲਈ ਗੁਰੂ ਸਾਹਿਬ ਦੀ ਲਾਭਦਾਇਕ ਸਿੱਖਿਆ ਨੂੰ ਅਪਣਾਉਣਾ ਤੇ ਧਰਮ ਗ੍ਰੰਥਾਂ ਦੀ ਪੂਰੀ ਇੱਜ਼ਤ ਕਰਨੀ ਸਾਡੇ ਲਈ ਬਣਦੀ ਹੈ।

ਗੁਰੂ ਸਾਹਿਬ ਦੀ ਸਿੱਖਿਆ ਅਨੁਸਾਰ ਕੇਵਲ ਗ੍ਰੰਥਾਂ ਨੂੰ ਪੜ੍ਹਨਾ/ਪੜ੍ਹਾਉਣ ਤਕ ਹੀ ਸੀਮਤ ਨਹੀਂ ਰੱਖਣਾ ਚਾਹੀਦਾ। ਇਹਨਾਂ ਦੀ ਲਿਖਤ ਨੂੰ ਵਿਉਪਾਰ ਦੀ ਸ਼ਕਲ ਦੇਣ ਚ ਅਤਿ ਗੁਰੇਜ਼ ਕਰਨ ਦੀ ਲੋੜ ਹੈ। ਜਿੱਦਾਂ ਗੁਰੂ ਅਰਜਨ ਸਾਹਿਬ ਨੇ ਫੁਰਮਾਇਆ:

ਬੇਦੁ ਵਪਾਰੀ ਗਿਆਨੁ ਰਾਸਿ ਕਰਮੀ ਪਲੈ ਹੋਇ॥
ਨਾਨਕ ਰਾਸੀ ਬਾਹਰਾ ਲਦਿ ਨ ਚਲਿਆ ਕੋਇ॥ (ਪੰਨਾ 1243)

ਅਜਕਲ੍ਹ ਪਾਠਾਂ ਤੇ ਕੀਰਤਨ ਦਾ ਮੁੱਲ ਪੈਂਦਾ ਹੈ, ਘਰ ਬੈਠੇ ਜਾਂ ਦੂਰ ਦੇਸ਼ਾਂ ਵਿੱਚ ਬੈਠਿਆਂ ਆਪਣੇ ਨਿਮਿਤ ਸਭ ਕੁਝ (ਪਾਠ/ਕੀਰਤਨ/ ਅਰਦਾਸ, ਹੁਕਮਨਾਮਾ, ਅਰਦਾਸ, ਪ੍ਰਸਾਦਿ ਆਦਿ) ਹੁੰਦਾ ਚਲਿਆ ਜਾਂਦਾ ਹੈ। ਇਸ ਤਰ੍ਹਾਂ ਦਾ ਗੁਰੂ ਮਹਾਰਾਜ ਦੀ ਬੇਹੁਰਮਤੀ ਤੇ ਮਰਯਾਦਾ ਦੀ ਭੰਗ ਲਈ ਪੈਸੇ ਖਰਚਣ ਵਾਲਾ ਤੇ ਪਾਠ/ਕੀਰਤਨ ਕਰਨ ਵਾਲੀਆਂ ਸੰਸਥਾਵਾਂ ਇੱਕੋ ਜਿਹੀਆਂ ਜ਼ੁੰਮੇਵਾਰ ਹਨ। ਇਹ ਅਤਿ ਅਫਸੋਸਨਾਕ ਗੱਲ ਹੈ ਕਿ ਇਸ ਤਰ੍ਹਾਂ ਦੀ ਪ੍ਰਥਾ ਨੂੰ ਠੱਲ ਪਾਉਣ ਦੀ ਲੋੜ ਨਹੀਂ ਸਮਝੀ ਜਾ ਰਹੀ ਜੋ ਕੌਮ ਦੀ ਬਦਕਿਸਮਤੀ ਹੈ। ਇਹੀ ਇੱਕ ਕਲਜੁਗ ਦੀ ਜਿੱਤ ਹੈ। ਪ੍ਰਮਾਤਮਾ ਭਲੇ ਕਰੇ।

<u>ਦਸਮ ਗ੍ਰੰਥ ਬਾਰੇ</u>: ਦਸਮ ਗ੍ਰੰਥ ਵਿੱਚ ਵੀ ਜਿੱਥੇ ਪ੍ਰਮਾਤਮਾ ਪ੍ਰਤੀ ਅਨੇਕਾਂ ਉਸਤਤੀ ਸ਼ੁਧ ਅਖਰ (ਜਾਪ ਸਾਹਿਬ, ਅਕਾਲ ਉਸਤਿਤ ਆਦਿ) ਦਰਜ ਹਨ, ਹਉਮੈ ਰੋਗ ਕਟਣ ਪ੍ਰਤੀ ਸ੍ਵਯੇ, ਚੌਪੀਈਆਂ, ਅਰਦਾਸਾਂ, ਧਰਮ ਯੁੱਧ ਪ੍ਰਤੀ ਚੰਡੀ ਦੀ ਵਾਰ, ਹੌਸਲਾ ਬਰਕਰਾਰੀ ਤੇ ਬਹਾਦਰੀ ਦਾ ਨਮੂਨਾ "ਜਫਰਨਾਮਾ" ਦਰਸਾਇਆ ਹੈ ਜਿਸ ਰਾਹੀਂ ਪ੍ਰਭੂ ਭਗਤੀ ਵਿੱਚ ਉਨਤੀ ਹੁੰਦੀ ਹੈ, ਉੱਥੇ ਬਹੁਤ ਸਾਰੀ ਵਿਆਖਿਆ ਤਵਾਰੀਖਾਂ ਰਾਹੀਂ, ਸ਼ਾਸਤਰਾਂ ਪ੍ਰਤੀ ਅਤੇ ਕਈ ਕਹਾਣੀਆਂ

ਜਿਸ ਵਿੱਚ ਅਸ਼ਲੀਲ ਵੀ ਹਨ, ਦਰਜ ਹਨ ਜਿਨ੍ਹਾਂ ਦਾ ਅਧਿਆਤਮਿਕਤਾ ਨਾਲ ਕੋਈ ਸਬੰਧ ਨਹੀਂ ਜਾਪਦਾ। ਇਸ ਦਸਮ ਗ੍ਰੰਥ ਦਾ ਸਿੱਖ ਜੰਤਾ ਵਿੱਚ ਸਤਿਕਾਰ ਹੁੰਦਾ ਹੈ, ਪੂਜਾ ਵੀ ਹੁੰਦੀ ਹੈ। ਹਜ਼ੂਰ ਸਾਹਿਬ ਵਿਖੇ ਜਿੱਥੇ ਆਦਿ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ ਉੱਥੇ ਦਸਮ ਗ੍ਰੰਥ ਦਾ ਪ੍ਰਕਾਸ਼ ਵੀ ਕੀਤਾ ਜਾਂਦਾ ਹੈ, ਪਾਠ ਵੀ ਹੁੰਦਾ ਹੈ। ਦਸਮ ਗ੍ਰੰਥ ਦੇ ਘੋਖਨ ਸਬੰਧੀ ਕਈ ਤਰ੍ਹਾਂ ਦੀਆਂ ਸੰਸਥਾਵਾਂ ਬਣੀਆਂ ਹੋਈਆਂ ਹਨ ਜੋ ਵਿਚਾਰ ਕਰਦੀਆਂ ਹਨ ਕਿ ਕੀ ਇਸ ਵਿੱਚ ਜੋ ਬਾਣੀ ਦਰਜ ਹੈ ਉਹ ਸਾਰੀ ਗੁਰੂ ਗੋਬਿੰਦ ਸਿੰਘ ਜੀ ਦੀ ਹੀ ਉਚਾਰੀ ਹੋਈ ਹੈ ਜਾਂ ਸਾਰੀ ਬਾਣੀ ਉਹਨਾਂ ਦੀ ਪ੍ਰਵਾਨਿਤ ਹੈ? ਲਗਦਾ ਹੈ ਹਾਲੀ ਤਕ ਕੋਈ ਗਲ ਸਿਰੇ ਨਹੀਂ ਚੜ ਸਕੀ।

ਸਿੱਖ ਜੰਤਾ ਦਸਮ ਗ੍ਰੰਥ ਨੂੰ ਇਸ ਲਈ ਪੂਜਦੀ ਹੈ ਕਿਉਂਕਿ ਇਸ ਵਿੱਚ ਪ੍ਰਭੂ ਭਗਤੀ ਦੀ ਉਨਤੀ ਲਈ ਪ੍ਰਭੂ ਗੁਣ ਦਰਜ ਹਨ ਪਰੰਤੂ ਇਸ ਵਿੱਚ ਕਾਫੀ ਜ਼ਿਆਦਾ ਪ੍ਰਭੂ ਅਣਲੋੜੀਂਦੇ ਅੰਸ਼ ਹੋਣ ਕਰਕੇ ਇਸ ਨੂੰ ਗੁਰੂ ਜੈਸੀ ਪਦਵੀ ਨਹੀਂ ਦਿੱਤੀ ਜਾ ਸਕੀ। ਜਿੱਥੇ ਕਿ ਆਦਿ ਗੁਰੂ ਗ੍ਰੰਥ ਸਾਹਿਬ ਚ ਕੇਵਲ ਪ੍ਰਭੂ ਨਾਮ, ਪ੍ਰਭੂ ਗੁਣ, ਗੁਰੂ ਮਹਿਮਾ, ਸਾਧ ਸੰਗਤ ਮਹਿਮਾ ਤੇ ਹਉਮੈ ਕਟਨ ਦੇ ਵਸੀਲੇ ਹੀ ਦਰਸਾਏ ਗਏ ਹਨ। ਏਸੇ ਲਈ ਇਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਆਉਣ ਵਾਲੇ ਸਮੇਂ ਲਈ ਗੁਰੂ ਪਦਵੀ ਬਖਸ਼ੀ ਜਾਪਦੀ ਹੈ ਤਾਂ ਕਿ ਪ੍ਰਾਣੀ ਹਰ ਸਮੇਂ, ਹਰ ਹਾਲਤ ਵਿੱਚ ਸਹੀ ਅਗਵਾਹੀ ਪ੍ਰਾਪਤ ਕਰਦਾ ਰਹੇ। ਸਿੱਖ ਜਨਤਾ ਵੀ ਵਧਾਈ ਦੀ ਪਾਤਰ ਹੈ ਜੋ ਇਸ ਦੇ ਸਾਰੇ ਪਵਿੱਤਰ ਅੱਖਰ ਅਪਣੇ ਅਸਲੀ (ਸ਼ੁਧ) ਰੂਪ ਵਿੱਚ ਕਾਇਮ ਰਖਨ ਚ ਕਾਮਯਾਬੀ ਦਖਾ ਰਹੀ ਹੈ।

ਜੋ ਇਨਸਾਨ ਇੱਕ ਕਿਣਕਾ ਵੀ ਧਾਰਮਿਕ ਅੰਸ਼ ਦਾ ਅਪਣੇ ਮਨ ਵਿੱਚ ਰੱਖਦਾ ਹੈ ਉਸ ਵਲੋਂ ਹਰ ਇੱਕ ਧਾਰਮਿਕ ਗ੍ਰੰਥ ਜਿਸ ਵਿੱਚ ਪ੍ਰਭੂ ਗੁਣ/ਭਗਤੀ ਪ੍ਰਤੀ ਕੋਈ ਹਿੱਸਾ ਵੀ ਦਰਜ ਹੋਵੇ, ਦੀ ਇੱਜ਼ਤ ਕਰਨੀ ਉਸ ਦਾ ਧਰਮ ਬਣ ਜਾਣਾ ਚਾਹੀਦਾ ਹੈ। ਉਸ ਦਾ ਫਰਜ਼ ਵੀ ਹੋਣਾ ਚਾਹੀਦਾ ਹੈ ਕਿ ਦੂਸਰੇ ਸ਼ਰਾਰਤੀ ਅੰਸ਼ ਨੂੰ ਇਸ ਪ੍ਰਤੀ ਪ੍ਰੇਰੇ ਤੇ ਜੇ ਕੋਈ ਕਿਸੇ ਧਾਰਮਿਕ ਗ੍ਰੰਥ ਦੀ ਬੇਹੁਰਮਤੀ ਜਾਂ ਬੇਇੱਜਤੀ ਕਰਨ ਦੀ ਕੋਸ਼ਿਸ਼ ਕਰੇ ਤਾਂ ਉਸ ਦਾ ਤਗੜੇ ਹੋ ਕੇ ਵਿਰੋਧ ਕਰੇ।

ਜੋ ਵੀ ਪ੍ਰਚਾਰਕ ਕਿਸੇ ਧਰਮ ਗ੍ਰੰਥ ਦੀ ਨਿਖੇਦੀ ਕਰਦਾ ਹੈ ਉਸ ਨੂੰ ਧਾਰਮਿਕ ਪੁਰਸ਼ ਦਾ ਦਰਜਾ ਦੇਣਾ ਤਾਂ ਦੂਰ ਹੋਵੇਗਾ। ਉਸ ਨੂੰ ਆਪਣੇ ਅਕੀਦੇ ਦੇ ਪ੍ਰਵਾਨਿਤ ਗ੍ਰੰਥ ਦੀ ਪ੍ਰਸ਼ੰਸਾ ਪ੍ਰਤੀ ਜੋਰ ਦੇਣਾ ਤਾਂ ਜਾਇਜ਼ ਹੋ ਸਕਦਾ ਹੈ ਪ੍ਰੰਤੂ ਦੂਸਰੇ ਧਰਮ ਗ੍ਰੰਥ ਪ੍ਰਤੀ ਕੋਈ ਨਜਾਇਜ਼ ਸ਼ਬਦ ਉਚਾਰਨਾ ਉਸ ਦੀ ਧਰਮ ਰੇਖਾ (ਜੋ ਬਹੁਤ ਉਤਮ ਹੁੰਦੀ ਹੈ) ਦੀ ਪਰਖ ਦਰਸਾਉਂਦੀ ਹੈ। ਉੱਚੀ ਅਵਸਥਾ ਦੇ ਪ੍ਰਾਣੀ ਲਈ ਤਾਂ ਸਭ ਬ੍ਰਹਮ ਹੀ ਬ੍ਰਹਮ ਹੈ। ਉਸ ਦੇ ਮਨ ਚੋਂ ਜਾਂ ਮੂੰਹ ਚੋਂ ਕੋਈ ਤਿੱਖਾ ਅੱਖਰ ਨਿਕਲਣ ਦੀ ਸੰਭਾਵਨਾ ਹੀ ਨਹੀਂ ਹੋ ਸਕਦੀ।

ਅੱਜਕਲ੍ਹ ਗੁਰੂ ਗ੍ਰੰਥ ਸਾਹਿਬ ਦੀਆਂ ਪਵਿੱਤਰ ਬੀੜਾਂ ਤੇ ਹੋਰ ਗ੍ਰੰਥਾਂ ਨੂੰ ਸਾੜਨ ਦਾ ਜੋ ਅਫਸੋਸਨਾਨ ਸਾਕਾ ਹੋ ਰਿਹਾ ਹੈ ਉਸ ਦੀ ਪੁਰ ਜੋਰ ਨਿਖੇਦੀ ਕੀਤੀ ਜਾਂਦੀ ਹੈ। ਉਸ ਪ੍ਰਤੀ ਸੱਚੇ ਦਿਲੋਂ ਅਰਦਾਸ ਕਰਨੀ ਬਨਣੀ ਹੈ ਕਿ ਪ੍ਰਭੂ ਇਹਨਾਂ ਧੁੰਧਲਾਈਆਂ ਆਤਮਾਵਾਂ ਨੂੰ ਸਮੱਤ ਬਖਸ਼ੇ, ਉਤਮ ਸੋਝੀ ਬਖਸ਼ੇ ਤਾਂ ਜੋ ਇਹ ਗ੍ਰੰਥਾਂ ਦਾ ਅਸਲੀ ਭਾਵ ਸਮਝਣ, ਜਾਤ ਪਾਤ ਤੋਂ ਉਪਰ ਉਠ ਇਨਸਾਨੀਅਤ ਦੀ ਸੇਵਾ ਕਰਨ ਤੇ ਅਸਲ ਪ੍ਰਭੂ ਭਗਤੀ ਵਲ ਲਗਨ।


**Form IV** **Statement of Ownership (See Rule 8)**

| | | |
|---|---|---|
| Place of Publication | : | 422, Sector: 15-A, Chandigarh |
| Periodicity of Publication | : | Monthly |
| Editor, Printer & Publisher's Name | : | Dr. Jagir Singh |
| Nationality | : | Indian |
| Owner of Newspaper | : | President, Amirt Kirtan Trust |

I, Dr. Jagir Singh, hereby declare that the particulars given above are true to the best of my knowledge and beliel.

sd/-

Date : March 1, 2002

Dr. Jagir Singh, Publisher

# ਕੀਰਤਨ ਸਿਖਲਾਈ


## ਉੱਤਮ ਸਿੰਘ

409, ਫੇਜ਼ 3 ਬੀ-1, ਮੋਹਾਲੀ


*ਪਿਛਲੇ ਅੰਕ ਤੋਂ ਅੱਗੇ...*

### ਸ਼ਬਦਾਵਲੀ

**ਸਵੱਰ:** ਵਾਜੇ ਵਿੱਚ ਇੱਕ ਸਪਤੱਕ ਵਿੱਚ ਸੱਤ ਸ਼ੁੱਧ ਸਵੱਰ ਹੁੰਦੇ ਹਨ। ਜਿਹਨਾਂ ਨੂੰ ਆਮ ਤੌਰ ਤੇ ਸ ਰੇ ਗ ਗ ਪ ਧ ਨੀ ਨਾਮਾਂ ਨਾਲ ਪੁਕਾਰਿਆ ਜਾਂਦਾ ਹੈ। ਪਰੰਤੂ ਇਹਨਾਂ ਦੇ ਪੂਰੇ ਨਾਮ ਕ੍ਰਮਵਾਰ ਇਸ ਪ੍ਰਕਾਰ ਹਨ-

1. ਸ਼ੜਜ 2. ਰਿਸ਼ਭ ਜਾਂ ਰਿਖਤ 3. ਗੰਧਾਰ 4. ਮੱਧਮ 5. ਪੰਚਮ 6. ਧੈਵਤ 7. ਨਿਸ਼ਾਦ।

ਸਵਰ ਦੋ ਪ੍ਰਕਾਰ ਦੇ ਹੁੰਦੇ ਹਨ : 1. ਸ਼ੁੱਧ 2. ਵਿਕ੍ਰਿਤ

**ਸ਼ੁੱਧ ਸਵਰ:** ਸੱਪਤਕ ਦੇ ਸੱਤੇ ਸਵਰ ਜਦੋਂ ਆਪਣੇਂ ਨਿਸ਼ਚਿਤ ਸਥਾਨ ਤੇ ਟਿਕੇ ਰਹਿੰਦੇ ਹਨ ਤਾਂ ਉਨ੍ਹਾਂ ਨੂੰ ਸ਼ੁੱਧ ਸਵਰ ਆਖਿਆ ਜਾਂਦਾ ਹੈ ਜਿਵੇਂ ਸ, ਰ, ਗ ਮ, ਪ, ਸ, ਨੀ ਇਨ੍ਹਾਂ ਨਾਲ ਲਿਖਣ ਵੇਲੇ ਕੋਈ ਚਿਨ੍ਹ ਨਹੀਂ ਲਗਦਾ।

**ਵਿਕ੍ਰਿਤ ਸਵਰ:** ਇਹ ਵੀ ਦੋ ਤਰ੍ਹਾਂ ਦੇ ਹੁੰਦੇ ਹਨ। (1) ਕੋਲਮ ਅਤੇ (2) ਤੀਵਰ। ਕੋਮਲ ਸਵਰ ਚਾਰ ਹੁੰਦੇ ਹਨ (ਰੇ, ਗ ਧ ਅਤੇ ਨੀ) ਅਤੇ ਤੀਵਰ ਸਵੱਰ ਕੇਲ ਇਕੋ (ਮ) ਹੀ ਹੁੰਦਾ ਹੈ। ਕੋਮਲ ਸਵਰ ਸ਼ੁੱਧ ਸਵੱਰ ਤੋਂ ਪਹਿਲਾ ਸਵਰ ਹੁੰਦਾ ਹੈ ਅਤੇ ਤੀਵਰ ਸਵਰ ਸ਼ੁਧ ਸਵੱਰ ਤੋਂ ਖਾਅਦ ਵਾਲਾ ਸਵਰ ਹੁੰਦਾ ਹੈ। ਕੋਮਲ ਸਵਰਾਂ ਨੂੰ ਲਿਖਣ ਵੇਲੇ ਇਹਨਾਂ ਸਵਰਾਂ ਥੱਲੇ ਇੱਕ ਲੇਟਵੀਂ ਲਾਈਨ ਔਂਕੜ ਦੀ ਤਰ੍ਹਾਂ ਲਗਾਈ ਜਾਂਦੀ ਹੈ। ਜਿਵੇਂ ਰੁੇ ਗੁ ਧੁ ਨੁੀ। ਤੀਵਰ ਮ ਦੇ ਉਪਰ ਇੱਕ ਖੜੀ ਲਾਈਨ ਲੱਗੀ ਹੁੰਦੀ ਹੈ ਜਿਵੇਂ ਮ।

**ਸਪਤੱਕ:** 7 ਸਵਰਾਂ ਦੇ ਸਮੂੰਹ ਨੂੰ ਇਕ ਸਪਤੱਕ ਆਂਖਿਆ ਜਾਂਦਾ ਹੈ ਇਕ ਸਪਤਕ ਵਿੱਚ ਸ਼ੁਧ ਅਤੇ ਵਿਕ੍ਰਿਤ ਸਵਰ ਮਿਲਾ ਕੇ 12 ਸੁਰ ਹੁੰਦੇ ਹਨ। ਆਮ ਵਰਤੋ ਵਿਚ ਤਿੰਨ ਸਪਤਕ ਆਉਂਦੇ ਹਨ।

**1. ਮੰਦਰ ਸਪਤੱਕ 2. ਮੱਧ ਸਪਤੱਕ 3. ਤਾਰ ਸਪਤੱਕ**

**1. ਮੰਦਰ ਸਪਤੱਕ:** (ਨੀਚੇ ਵਾਲ) ਮੰਦਰ ਸਪਤੱਕ ਦੇ ਸਵਰ ਉਚਾਰਣ ਸਮੇਂ ਸਾਡੇ ਪੇਟ ਅਤੇ ਮੰਦਰ ਸਪਤੱਕ ਛਾਤੀ ਦਾ ਜੋਰ ਲਗਦਾ। ਇਹਨਾਂ ਨੂੰ ਲਿਖਣ ਸਮੇਂ ਇਨ੍ਹਾਂ ਸਵਰਾਂ ਦੇ ਥੱਲੇ ਬਿੰਦੀ ਲਗਾਈ ਜਾਂਦੀ ਹੈ ਜਿਵੇਂ ਨੀ ਧ ਪ ਮ ਗ ਰੇ ਸ।

**2. ਮੱਧ ਸਪਤੱਕ:** (ਵਿਚਕਾਰ ਵਾਲਾ): ਸਾਡੇ ਗਲੇ ਵਿਚੋਂ ਆਮ ਤੌਰ ਤੇ ਮੱਧ ਸਪਤੱਕ ਦੀ ਆਵਾਜ਼ ਨਿਕਲਦੀ ਹੈ। ਇਹ ਆਵਾਜ਼ ਨਾ ਜ਼ਿਆਦਾ ਉੱਚੀ ਅਤੇ ਨਾ ਜ਼ਿਆਦਾ ਨੀਵੀ ਹੁੰਦੀ ਹੈ। ਇਸ ਸਪਤੱਕ ਦੇ ਸਵੱਰਾਂ ਨਾਲ ਕੋਈ ਬਿੰਦੀ ਨਹੀਂ ਲਗਦੀ। ਜਿਵੇਂ ਸ ਰੇ ਗ ਮ ਪ ਧ ਨੀ।

**3. ਤਾਰ ਸਪਤੱਕ:** ਇਨ੍ਹਾਂ ਸੁਰਾਂ ਨੂੰ ਉਚਾਰ੍ਹਨ ਸਮੇਂ ਸਾਡੇ ਤਾਲੂ ਅਤੇ ਮਸਤਕ ਉਪਰ ਪ੍ਰਭਾਵ ਪੈਂਦਾ ਹੈ।

ਇਹਨਾਂ ਸਵਰਾਂ ਨੂੱ ਲਿਖਣ ਸਮੇਂ ਸਵਰਾਂ ਦੇ ਉਪਰ ਬਿੰਦੀ ਲਗਾਈ ਜਾਂਦੀ ਹੈ। ਜਿਵੇਂ ਸ ਰੇ ਗ ਮ ਪ ਧ ਨੀ।

ਹਰ ਇਕ ਸਪਤੱਕ ਵਿਚ 12-12 ਸਵਰ ਹੁੰਦੇ ਹਨ ਜੋ ਕਿ ਚਿਤਰ ਵਿਚ ਪਹਿਲਾਂ ਦਿਖਾਏ ਜਾ ਚੁੱਕੇ ਹਨ ਅਤੇ ਪਹਿਲਾਂ ਉਨ੍ਹਾਂ ਦਾ ਜ਼ਿਕਰ ਵੀ ਉਪਰ ਕੀਤਾ ਜਾ ਚੁੱਕਾ ਹੈ।

ਸੰਗੀਤ ਵਿਚ ਦੋ ਚੀਜ਼ਾਂ ਬਹੁਤ ਹੀ ਮਹੱਤਵ ਪੂਰਣ ਹਨ। ਇਕ ਸਵਰ ਦੂਜਾ ਤਾਲ। ਸਵਰ ਬਾਰੇ ਅਸੀਂ ਉਪਰ ਜਿਕਰ ਕਰ ਚੁੱਕੇ ਹਨ ਹੁਣ ਥੋੜੀ ਜਾਣਕਾਰੀ ਤਾਲ ਬਾਰੇ ਹੇਠਾਂ ਦਿੱਤੀ ਜਾ ਰਹੀ ਹੈ ਜੋ ਸਾਡੇ ਸ਼ਬਦ ਕੀਰਤਨ ਸਿੱਖਣ ਵਿਚ ਬਹੁਤ ਸਹਾਈ ਸਿੱਧ ਹੋਵੇਗੀ।

**ਲੈਅ:** ਤਾਲ ਦਾ ਸਬੰਧ ਲੈਅ ਨਾਲ ਹੈ ਅਤੇ ਲੈਅ ਸੰਗੀਤ ਦਾ ਆਧਾਰ ਹੈ। ਸਮੇਂ ਦੇ ਕਿਸੇ ਵੀ ਹਿੱਸੇ ਦੀ ਇਕ ਸਮਾਨ ਗਤੀ ਨੂੰ ਲੈਅ ਆਖਿਆ ਜਾਂਦਾ ਹੈ। ਇਸ ਦੀ ਤੁਲਨਾ ਘੜੀ ਦੇ ਪੈਂਡੂਲਮ ਨਾਲ ਕੀਤੀ ਜਾ ਸਕਦੀ ਹੈ ਜਿਹੜਾ ਕਿ ਇੱਕੋ ਹੀ ਚਾਲ ਨਾਲ (ਗਤੀ ਨਾਲ) ਹਿਲਦਾ ਹੈ। ਲੈਅ ਇਕ ਸਮਾਨ-ਅੰਤਰ ਚਾਲ ਹੁੰਦੀ ਹੈ ਜਿਸ ਦੇ ਤਿੰਨ ਪ੍ਰਕਾਰ ਹਨ।

1. **ਵਿਲੰਬਿਤ ਲੈਅ:** ਧੀਮੀ ਚਾਲ ਜਾਂ ਗਤੀ ਨੂੰ ਵਿਲੰਬਿਤ ਲੈਅ ਆਖਿਆ ਜਾਂਦਾ ਹੈ। ਇਹ ਮੱਧ ਲੈਅ ਤੋਂ ਅੱਧੀ ਤੇਜ ਹੁੰਦੀ ਹੈ।
2. **ਮੱਧ ਲੈਅ:** ਸਾਧਾਰਣ ਲੈਅ ਜਿਸ ਦੀ ਚਾਲ ਜਾਂ ਗਤੀ ਨਾ ਜ਼ਿਆਦਾ ਧੀਮੀ ਹੋਵੇ ਅਤੇ ਨਾ ਹੀ ਜ਼ਿਆਦਾ ਤੇਜ ਹੋਵੇ ਉਹ ਮੱਧ ਲੈਅ ਅਖਵਾਉਂਦੀ ਹੈ। ਮੱਧ ਲੈਅ ਦੀ ਤੁਲਨਾ ਅਸੀਂ ਘੜੀ ਦੇ ਹਰ ਸੈਕਿੰਡ ਦੀ ਟਿਕ-ਟਿਕ ਨਾਲ ਕਰ ਸਕਦੇ ਹਾਂ।
3. **ਦਰੁੱਤ ਲੈਅ:** ਮੱਧ ਲੈਅ ਤੋਂ ਦੁੱਗਣੀ ਤੇਜ ਲੈਅ ਨੂੰ ਦਰੁੱਤ ਲੈਅ ਆਖਿਆ ਜਾਂਦਾ ਹੈ।

ਲੈਅ ਜਾਂ ਤਾਲ ਮਾਪਣ ਦੇ ਸਾਧਨ ਨੂੰ ਮਾਤਰਾ ਆਖਦੇ ਹਨ। *ਮਾਤਰਾ* ਇਕੋ ਜਿਹੀ ਇਕਾਈ ਹੈ ਜਿਸ ਨਾਲ ਤਾਲ ਦੀ ਪੂਰਤੀ ਹੁੰਦੀ ਹੈ। ਇਕ ਮਾਤਰਾ ਦਾ ਸਮਾਂ ਲੈਅ ਅਨੁਸਾਰ ਘੱਟ ਵੱਧ ਹੋ ਸਕਦਾ ਹੈ ਜਿਸ ਤਰ੍ਹਾਂ ਵਿਲੰਬਿਤ ਲੈਅ ਵਿਚ ਮਾਤਰਾ ਕਾਲ ਜ਼ਿਆਦਾ ਅਰਥਾਤ ਮੱਧ ਲੈਅ ਤੋਂ ਦੁਗਣਾ ਸਮਾਂ ਯਨੀ ਦੋ ਸੈਕਿੰਡ ਮੱਧ ਲੈਅ ਵਿੱਚ ਤਕਰੀਬਨ ਇਕ ਸੈਕਿੰਡ ਦੇ ਬਰਾਬਰ ਅਤੇ ਦਰੁੱਤ ਲੈਅ ਵਿਚ ਅੱਧਾ ਸਮਾਂ ਯਨੀ ਅੱਧਾ ਸੈਕਿੰਡ ਦੇ ਬਰਾਬਰ ਹੁੰਦਾ ਹੈ। <u>ਤਾਲ</u> ਮਾਤ੍ਰਾਵਾਂ ਦੇ ਸਮੂੰਹ ਤੋਂ ਹੀ ਤਾਲ ਪੈਦਾ ਹੁੰਦੇ ਹਨ ਜਿਵੇਂ 6 ਮਾਤ੍ਰਾਵਾਂ ਨਾਲ ਦਾਦਰਾ ਤਾਲ ਬਣਦਾ ਹੈ 8 ਮਾਤ੍ਰਾਵਾਂ ਨਾਲ ਕਹਿਰਵਾ ਤਾਲ ਅਤੇ 16 ਮਾਤ੍ਰਾਵਾਂ ਨਾਲ ਤਿੰਨ ਤਾਲ ਆਦਿ।

<u>ਨੋਟ:</u> ਵੱਖ ਵੱਖ ਤਾਲਾਂ ਬਾਰੇ ਸਮੇਂ ਸਮੇਂ ਸਿਰ ਸ਼ਬਦਾਂ ਦੇ ਨਾਲ ਲੋੜ ਅਨੁਸਾਰ ਜਾਣਕਾਰੀ ਦਿੱਤੀ ਜਾਂਦੀ ਰਹੇਗੀ।

## *ਵਾਜੇ ਦੀ ਸਿਖਲਾਈ ਦਾ ਆਰੰਭ*

***ਸੁਰਾਂ ਦੇ ਆਰੋਹ ਅਵਰੋਹ ਦਾ ਗਿਆਨ:*** ਉਂਗਲੀਆਂ ਸ ਸਵਰ ਤੋਂ ਨੀ ਸਵਰ ਤਕ ਉਪਰ ਵਲ ਚਲਾਉਣ ਨੂੰ ਸੰਗੀਤ ਵਿਚ ਆਰੋਹ ਜਾਂ ਅਰੋਹੀ ਕਹਿੰਦੇ ਹਨ ਅਤੇ ਉਪਰੋਂ ਮੁੜ ਵਾਪਸ ਪਹਿਲੀ ਸੁਰ ਤੇ ਜਾਣ ਦੀ ਕ੍ਰਿਆ ਨੂੰ ਅਵਰੋਹ ਜਾਂ ਅਵਰੋਹੀ ਕਹਿੰਦੇ ਹਨ।

***ਵਾਜੇ ਉਪਰ ਉਂਗਲੀਆਂ ਚਲਾਉਣ ਦਾ ਢੰਗ:*** ਵਾਜਾ ਖੋਲ੍ਹਣ ਵੇਲੇ ਪਹਿਲਾਂ ਸਟਾਪ ਖੋਲ੍ਹੋ ਫਿਰ ਕਿਸੀ ਸੁਰ ਉੱਤੇ ਉਂਗਲੀ ਰੱਖੋ ਅਤੇ ਮਗਰੋਂ ਪੱਖਾ ਖੋਲ੍ਹੋ। ਫਿਰ ਜਿਹੜਾ ਸੁਰ ਤੁਸੀਂ ਆਪਣਾ ਸ ਮੰਨਣਾ ਚਾਹੁੰਦੇ ਹੋ ਜਿਵੇਂ ਕਿ ਪਹਿਲਾਂ ਸਲਾਹ ਦਿੱਤੀ ਗਈ ਹੈ ਕਿ ਆਦਮੀ (ਮਰਦ) ਅਤੇ ਵੱਡੀ ਉਮਰ ਦੇ ਲੜਕੇ ਜਿਨ੍ਹਾਂ ਦੀ ਅਵਾਜ਼ ਬਦਲ ਚੁੱਕੀ ਹੋਵੇ ਉਹ ਪਹਿਲਾ ਕਾਲਾ ਉਭਰਿਆ ਹੋਇਆ ਸਵਰ ਚਿਤਰ ਨੰਬਰ ਇਕ ਵਿਚ ਦਿਖਾਏ ਸਵੱਰ ਨੰਬਰ 2 ਨੂੰ ਮੱਧ ਸਪਤੱਕ ਵਿਚ ਅਤੇ ਇਸਤਰੀਆਂ ਅਤੇ ਬੱਚੇ ਚੌਥਾ ਕਾਲਾ ਯਨੀ ਉਭਰਿਆ ਹੋਇਆ ਸਵਰ ਚਿਤਰ ਨੰਬਰ ਇੱਕ ਵਿੱਚ ਦਿਖਾਏ ਗਏ ਸਵਰ ਨੰਬਰ 9 ਮੰਦਰ ਸਪਤੱਕ ਵਿਚ ਨੂੰ ਸ ਮੰਨ ਕੇ ਅਤੇ ਉਸਨੂੰ ਨੰਬਰ 1 ਮੰਨ ਹੇਠ ਲਿਖੇ ਅਨੁਸਾਰ ਸੁਰਾਂ ਉੱਪਰ ਉਂਗਲੀਆਂ/ਅਗੂੰਠਾ ਰੱਖ ਕੇ ਅਰੋਹ ਅਵਰੋਹ ਦਾ ਅਭਿਆਸ ਕਰਨ।

<u>ਨੋਟ:</u> ਚਿੱਤਰ ਨੰਬਰ 2 ਵਿੱਚ ਦਿੱਤੀ ਗਈ ਸੁਰਾਂ ਦੀ ਤਰਤੀਬ ਇਸਤਰੀਆਂ ਅਤੇ ਬੱਚਿਆ ਵਾਸਤੇ ਦਿੱਤੀ ਜਾ ਰਹੀ ਹੈ।

ਚਿੱਤਰ ਨੰਬਰ 2



| | | | | | | | | |
|---|---|---|---|---|---|---|---|---|
| <u>ਆਰੋਹ:</u> ਸੁਰਾਂ ਦੇ ਨੰਬਰ | 1 | 3 | 5 | 6 | 8 | 10 | 12 | 13/1 |
| ਸੁਰਾਂ ਦੇ ਨਾਮ (ਸ਼ੁੱਧ ਸਵਰ) | ਸ | ਰੇ | ਗ | ਮ | ਪ | ਧ | ਨੀ | ਸਂ |
| ਉੱਗਲੀਆਂ ਦੀ ਤਰਤੀਬ | ਪਹਿਲੀ ਉਂਗਲੀ (1) | ਦੂਜੀ ਉਂਗਲੀ (2) | ਅੰਗੂਠਾ | ਪਹਿਲੀ ਉਂਗਲੀ (1) | ਦੂਜੀ ਉਂਗਲੀ (2) | ਅੰਗੂਠਾ | ਪਹਿਲੀ ਉਂਗਲੀ (1) | ਦੂਜੀ ਉਂਗਲੀ (2) |
| <u>ਅਵਰੋਹ:</u> ਸੁਰਾਂ ਦੇ ਨੰਬਰ | 13/1 | 12 | 10 | 8 | 6 | 5 | 3 | 1 |
| ਸੁਰਾਂ ਦੇ ਨਾਮ | ਸਂ | ਨੀ | ਧ | ਪ | ਮ | ਗ | ਰੇ | ਸ |
| ਉੱਗਲੀਆਂ ਦੀ ਤਰਤੀਬ | 2 | 1 | ਅੰਗੂਠਾ | 2 | 1 | ਅੰਗੂਠਾ | 2 | 1 |

<u>ਨੋਟ:</u> ਅੰਗੂਠਾ ਉਪਰਲੀਆਂ ਸੁਰਾਂ ਤੇ ਨਹੀਂ ਆਉਣਾ ਚਾਹੀਦਾ।

ਜਿਨ੍ਹਾਂ ਇਸਤਰੀਆਂ ਦਾ ਸੁਰ ਨੀਵਾਂ ਹੋਵੇ ਬਹੁਤਾ ਉੱਚਾ ਨਾ ਜਾਂਦਾ ਹੋਵੇ ਉਹ ਚਿਤਰ ਨੰਬਰ 1 ਵਿੱਚ ਦਿਖਾਏ ਗਏ ਸਵਰ ਨੰਬਰ 9 ਦੀ ਥਾਂ ਸਵਰ ਨੰਬਰ 7 ਨੂੰ 'ਸ' ਮੰਨ ਕੇ ਗਾ ਸਕਦੀਆਂ ਹਨ ਹੁਦ ਸਵਰ ਨੰਬਰ 7 ਨੂੰ ਨੰਬਰ 1 ਮੰਨ ਕੇ ਬਾਕੀ ਸਵਰਾਂ ਸੁਰਾਂ ਦੀ ਤਰਤੀਬ 1, 3, 5, 6, 8, 10, 12 ਅਤੇ 1 ਕਰਕੇ ਗਾ ਸਕਦੀਆਂ ਹਨ ਪਰ ਉਂਗਲੀਆਂ ਦੀ ਤਰਤੀਬ ਹੇਠ ਲਿਖੇ ਅਨੁਸਾਰ ਹੋਵੇਗੀ।

<u>ਆਰੋਹ:</u>

| | | | | | | | | |
|---|---|---|---|---|---|---|---|---|
| ਸੁਰਾਂ ਦੇ ਨੰਬਰ (ਸ਼ੁਧ ਸਵਰ) | 1 | 3 | 5 | 6 | 8 | 10 | 12 | 13/1 |
| ਸੁਰਾਂ ਦੇ ਨਾਮ | ਸ | ਰੇ | ਗ | ਮ | ਪ | ਧ | ਨੀ | ਸਂ |
| ਉਂਗਲੀਆਂ ਦਾ ਨੰਬਰ | 1 | 2 | 3 | ਅੰਗੂਠਾ | 1 | 2 | ਅੰਗੂਠਾ | 1 |

<u>ਅਵਰੋਹ:</u>

| | | | | | | | | |
|---|---|---|---|---|---|---|---|---|
| ਸੁਰਾਂ ਦੇ ਨੰਬਰ | 13/1 | 12 | 10 | 8 | 6 | 5 | 3 | 1 |
| ਸੁਰਾਂ ਦੇ ਨਾਮ | ਸਂ | ਨੀ | ਧ | ਪ | ਮ | ਗ | ਰੇ | ਸ |
| ਉਂਗਲੀਆਂ ਦੇ ਨੰਬਰ | 1 | ਅੰਗੂਠਾ | 2 | 1 | ਅੰਗੂਠਾ | 3 | 2 | 1 |

ਚਿੱਤਰ ਨੰਬਰ 3 ਵਿੱਚ ਦਿੱਤੀ ਗਈ ਤਰਤੀਬ ਆਦਮੀਆਂ ਅਤੇ ਵੱਡੇ ਲੜਕੇ ਜਿਨ੍ਹਾਂ ਦੀ ਆਵਾਜ਼ ਬਦਲ ਚੁੱਕੀ ਹੈ ਉਨ੍ਹਾਂ ਲਈ ਦਿੱਤੀ ਜਾ ਰਹੀ ਹੈ।

ਚਿੱਤਰ ਨੰਬਰ 3



| | | | | | | | | |
|---|---|---|---|---|---|---|---|---|
| <u>ਅਵਰੋਹ:</u> ਸੁਰਾਂ ਦੇ ਨੰਬਰ | 1 | 3 | 5 | 6 | 8 | 10 | 12 | 13/1 |
| ਸ਼ੁਧ ਸੁਰਾਂ ਦੇ ਨਾਮ: | ਸ | ਰੇ | ਗ | ਮ | ਪ | ਧ | ਨੀ | ਸਂ |
| ਉਂਗਲੀਆਂ ਦੀ ਤਰਤੀਬ | ਪਹਿਲੀ ਉਂਗਲੀ (1) | ਦੂਜੀ ਉਂਗਲੀ (2) | ਅੰਗੂਠਾ | ਪਹਿਲੀ ਉਂਗਲੀ (1) | ਦੂਜੀ ਉਂਗਲੀ (2) | ਤੀਜੀ ਉਂਗਲੀ (3) | ਅੰਗੂਠਾ | ਪਹਿਲੀ ਉਂਗਲੀ (1) |
| <u>ਅਵਰੋਹ:</u> ਸੁਰਾਂ ਦੇ ਨੰਬਰ | 13/1 | 12 | 10 | 8 | 6 | 5 | 3 | 1 |
| ਸ਼ੁਧ ਸੁਰਾਂ ਦੇ ਨਾਮ | ਸਂ | ਨੀ | ਧ | ਪ | ਮ | ਗ | ਰੇ | ਸ |
| ਉਂਗਲੀਆਂ ਦੀ ਤਰਤੀਬ: | 1 | ਅੰਗੂਠਾ | 3 | 2 | 1 | ਅੰਗੂਠਾ | 2 | 1 |

<u>ਨੋਟ:</u> ਅੰਗੂਠਾ ਕੇਵਲ ਥੱਲੜੀਆਂ ਸੁਰਾਂ ਤੇ ਹੀ ਆਵੇਗਾ।

ਆਦਮੀ ਜਿਨ੍ਹਾਂ ਦਾ ਸਵਰ ਨੀਵਾਂ ਹੈ ਉਹ ਚਿੱਤਰ ਨੰਬਰ 1 ਵਿਚ ਮੱਧ ਸਪਤੱਕ ਦੇ ਸਵਰ ਨੰਬਰ 1 ਯਾਨੀ ਥੱਲੇ ਵਾਲਾ ਪਹਿਲਾ ਸਵੱਰ ਸ ਮੰਨ ਸਕਦੇ ਹਨ ਪਰ ਉਂਗਲੀਆਂ ਦੀ ਤਰਤੀਬ ਹੇਠ ਲਿਖੇ ਅਨੁਸਾਰ ਹੋਵੇਗੀ।

<u>ਆਰੋਹ:</u>

| | | | | | | | | |
|---|---|---|---|---|---|---|---|---|
| ਸਵਰ ਨੰ: | 1 | 3 | 5 | 6 | 8 | 10 | 12 | 1 |
| ਸਵਰਾਂ ਦੇ ਨਾਮ | ਸ | ਰੇ | ਗ | ਮ | ਪ | ਧ | ਨੀ | ਸਂ |
| ਉਂਗਲੀਆਂ ਦਾ ਨੰਬਰ | ਅੰਗੂਠਾ | 1 | 2 | ਅੰਗੂਠਾ | 1 | 2 | ਅੰਗੂਠਾ | 1 |

ਅਵਰੋਹ:

| | | | | | | | | |
|---|---|---|---|---|---|---|---|---|
| <u>ਸਵਰ ਨੰ:</u> | 1 | 12 | 10 | 8 | 6 | 5 | 3 | 1 |
| ਸਵਰਾਂ ਦੇ ਨਾਮ | ਸਂ | ਨੀ | ਧ | ਪ | ਮ | ਗ | ਰੇ | ਸ |
| ਉਂਗਲੀਆਂ ਦਾ ਨੰਬਰ | 1 | ਅੰਗੂਠਾ | 2 | 1 | ਅੰਗੂਠਾ | 2 | 1 | ਅੰਗੂਠਾ |

ਇਸ ਤਰ੍ਹਾਂ ਬਾਰ ਬਾਰ ਆਰੋਹ ਅਵਰੋਹ ਦਾ ਅਭਿਆਸ ਕਰਨ ਨਾਲ ਉਂਗਲੀਆਂ ਵਾਜੇ ਤੇ ਚਲਣੀਆਂ ਸ਼ੁਰੂ ਹੋ ਜਾਣਗੀਆਂ।

ਜਦੋਂ ਉਂਗਲੀਆਂ ਚਲਣੀਆਂ ਸ਼ੁਰੂ ਹੋ ਜਾਣ ਤਾਂ ਸੁਰਾਂ ਦਾ ਅਭਿਆਸ ਕਰਨਾ ਸ਼ੁਰੂ ਕਰੋ। ਸਭ ਤੋਂ ਪਹਿਲਾਂ ਆਵਾਜ਼ ਨੂੰ ਸੁਰ ਵਿੱਚ ਲਿਆਉਣ ਵਾਸਤੇ ਮੱਧ ਸਪਤੱਕ ਦੇ ਸਾਰੇ ਸ਼ੁੱਧ ਸੁਰਾਂ ਉੱਪਰ ਲੰਬੇ ਲੰਬੇ ਸਾਹ ਨਾਲ ਹਰ ਇੱਕ ਸਵਰ ਤੇ ਠਹਿਰ ਕੇ ਸਵਰ ਨੂੰ ਸੁਣ ਕੇ ਤੁਹਾਡੀ ਆਵਾਜ਼ ਹਰਿ ਸਵਰ ਨਾਲ ਪੂਰੀ ਤਰ੍ਹਾਂ ਮੇਲ ਖਾ ਰਹੀ ਹੈ, ਪਹਿਲਾਂ ਅਰੋਹ ਅਤੇ ਫਿਰ ਅਵਰੋਹ ਕਈ ਵਾਰ ਰੋਜ਼ ਕਰੋ। ਜਦੋਂ ਤੁਹਾਨੂੰ ਯਕੀਨ ਹੋ ਜਾਵੇ ਕਿ ਤੁਹਾਡਾ ਸਵੱਰ ਵਾਜੇ ਲਾਲ ਪੂਰੀ ਤਰ੍ਹਾਂ ਮੇਲ ਖਾਂਦਾ ਹੈ ਪਹਿਲਾਂ ਧੀਮੀ ਗਤੀ ਵਿੱਚ ਕਿਸੇ ਇਕ ਲੈਅ ਵਿੱਚ ਬਾਰ ਬਾਰ ਅਰੋਹ ਅਤੇ ਅਵਰੋਹ ਕਰਕੇ ਅਭਿਆਸ ਕਰੋ। ਫਿਰ ਹੌਲੀ ਹੌਲੀ ਲੈਅ ਵਧਾ ਕੇ ਮੱਧ ਲੈਅ ਤੇ ਫਿਰ ਦਰੁੱਤ ਲੈਅ ਵਿਚ ਮੱਧ ਸਪਤਕ ਦੇ ਸੁਰਾਂ ਦਾ (ਸ਼ੁਧ ਸੁਰ) ਦਾ ਰੋਜ਼ ਅਭਿਆਸ ਕਰਨ ਨਾਲ ਤੁਹਾਡੇ ਗਾਇਨ ਵਿਚ ਮਧੁਰਤਾ ਪੈਦਾ ਹੋਵੇਗੀ।

<u>ਜ਼ਰੂਰੀ ਨੋਟ:</u> ਚੰਗਾ ਹੋਵੇਗਾ ਜੇਕਰ ਇਸ ਦੌਰਾਨ ਜੇ ਕਿਸੇ ਸੰਗੀਤ ਦੇ ਉਸਤਾਦ ਨੂੰ ਜਾਂ ਜਿਸਨੂੰ ਸੁਰ ਦੀ ਸਮਝ ਹੋਵੇ ਉਸਨੂੰ ਇੱਕ ਵਾਰੀ ਆਪਣੀ ਆਵਾਜ਼ ਵਾਜੇ ਨਾਲ ਬੋਲਕੇ ਸੁਣਾ ਲਵੋ ਅਤੇ ਉਸ ਕੋਲੋ ਰਾਏ ਲੈ ਲਵੋ।

ਇਸ ਤੋਂ ਬਾਅਦ ਹੇਠਲੇ ਅਲੰਕਾਰਾਂ ਦਾ ਅਭਿਆਸ ਕਰੋ।

<u>ਨੋਟ:</u> ਅਲੰਕਾਰਾਂ ਦਾ ਗਾਇਨ ਸ਼ੁਰੂ ਵਿਚ ਮੱਧ ਲੈਅ ਵਿਚ ਲੈਅ ਬੱਧ ਹੋਣਾ ਚਾਹੀਦਾ ਹੈ। ਬਾਅਦ ਵਿੱਚ ਲੈਅ ਤੇਜ਼ ਵੀ ਕਰ ਸਕਦੇ ਹੋ।

<u>ਅਲੰਕਾਰ:</u> ਅਲੰਕਾਰ ਨੂੰ ਪਲਟਾ ਵੀ ਆਖਿਆ ਜਾਂਦਾ ਹੈ ਯਨੀ ਸੁਰਾਂ ਨੂੰ ਉਲਟਾ ਪੁਲਟਾ ਕੇ ਗਾਉਣ ਨੂੰ ਸਮਝੋ ਪਲਟਾ ਕਹਿੰਦੇ ਹਨ। ਗਾਣਾ ਸਿੱਖਣ ਤੋਂ ਪਹਿਲਾਂ ਪਲਟੇ ਤਥਾ ਅਲੰਕਾਰ ਸਿੱਖਣੇ ਜ਼ਰੂਰੀ ਹਨ ਕਿਉਂਕਿ ਇੱਕ ਤਾਂ ਇਨ੍ਹਾਂ ਦੇ ਗਾਉਣ ਨਾਲ ਅੱਛੀ ਤਰ੍ਹਾਂ ਸੁਰ ਗਿਆਨ ਹੋ ਜਾਂਦਾ ਹੈ ਸੁਰ ਵਿੱਚ ਸੌਰਲਤਾ ਆ ਜਾਂਦੀ ਹੈ ਅਤੇ ਸ਼ਬਦ ਸਿੱਖਣ (ਸੰਗੀਤ ਸਿੱਖਣ) ਵਿੱਚ ਅੱਗੇ ਆਸਾਨੀ ਹੋ ਜਾਂਦੀ ਹੈ।

**ਅਲੰਕਾਰ**

1. ਅਰੋਹ : ਸ ਰੇ ਗ ਮ ਪ ਧ ਨੀ ਸਂ
ਅਵਰੋਹ : ਸਂ ਨੀ ਧ ਪ ਮ ਗ ਰੇ ਸ
2. ਅਰੋਹ : ਸਰੇਗ, ਰੇਗਮ, ਗਮਪ, ਮਪਧ, ਪਧਨੀ, ਧਨੀਸਂ
ਅਵਰੋਹ : ਸਂਨੀਧ, ਨੀਧਪ, ਧਪਮ, ਪਮਗ, ਮਗਰੇ, ਗਰੇਸ।
3. ਅਰੋਹ : ਸਗ, ਰੇਮ, ਗਪ, ਮਧ, ਪਨੀ, ਧਸਂ
ਅਵਰੋਹ : ਸਂਧ, ਨੀਪ, ਧਪ, ਪਗ, ਮਰੇ, ਗਸ
4. ਆਰੋਹ : ਸਰੇਗਮ, ਰੇਗਮਪ, ਗਮਪਧ, ਮਪਧਨੀ, ਪਧਨੀਸਂ
ਅਵਰੋਹ : ਸਂਨੀਧਪ, ਨੀਧਪਮ, ਧਪਮਗ, ਪਮਗਰੇ, ਮਗਰੇਸ
5. ਆਰੋਹ : ਸਸ, ਰੇਰੇ, ਗਗ, ਮਮ, ਪਪ, ਧਧ, ਨੀਨੀ, ਸਂਸਂ
ਅਵਰੋਹ : ਸਂਸਂ, ਨੀਨੀ, ਧਧ, ਪਪ, ਮਮ, ਗਗ, ਰੇਰੇ, ਸਸ
6. ਆਰੋਹ : ਸਸਸ, ਰੇਰੇਰੇ, ਗਗਗ, ਮਮਮ, ਪਪਪ, ਧਧਧ, ਨੀਨੀਨੀ, ਸਂਸਂਸਂ
ਅਵਰੋਹ : ਸਂਸਂਸਂ, ਨੀਨੀਨੀ, ਧਧਧ, ਪਪਪ, ਮਮਮ, ਗਗਗ, ਰੇਰੇਰੇ, ਸਸਸ
7. ਆਰੋਹ : ਸਸਸਸ, ਰੇਰੇਰੇਰੇ, ਗਗਗਗ, ਮਮਮਮ, ਪਪਪਪ, ਧਧਧਧ, ਨੀਨੀਨੀਨੀ, ਸਂਸਂਸਂਸਂ
ਅਵਰੋਹ : ਸਂਸਂਸਂਸਂ, ਨੀਨੀਨੀਨੀ, ਧਧਧਧ, ਪਪਪਪ, ਮਮਮਮ, ਗਗਗਗ, ਰੇਰੇਰੇਰੇ, ਸਸਸਸ
8. ਆਰੋਹ : ਸਰੇਸਰੇਗ, ਰੇਗਰੇਗਮ, ਗਮਗਮਪ, ਮਪਮਪਧ, ਪਧਪਧਨੀ, ਧਨੀਧਨੀਸਂ, ਸਂਨੀਸਂਨੀਧ,
ਨੀਧਨੀਧਪ, ਧਪਧਪਮ, ਪਮਪਮਗ, ਮਗਮਗਰੇ, ਗਰੇਗਰੇਸ
9. ਆਰੋਹ : ਸਰੇਗ, ਸਰੇਗਮ; ਰੇਗਮ, ਰੇਗਮ; ਗਮਪ, ਗਮਪਧ; ਮਪਧ, ਮਪਧਨੀ; ਪਧਨੀ, ਪਧਨੀਸਂ
ਅਵਰੋਹ : ਸਂਨੀਧ, ਸਂਨੀਧਪ; ਨੀਧਪ, ਨੀਧਪਮ; ਧਪਮ, ਧਪਮਗ; ਪਮਗ, ਪਮਗਰੇ; ਮਗਰੇਮਗਰੇਸ
10. ਆਰੋਹ : ਸਗਰੇਸ, ਰੇਮਗਰੇ, ਗਪਮਗ, ਮਧਪਮ, ਪਨੀਧਪ, ਧਸਂਨੀਧ, ਨੀਰੇਂਸਂਨੀ, ਸਂਗਂਰੇਂਸਂ
ਅਵਰੋਹ : ਗਂਸਂਰੇਂਗਂ, ਰੇਂਨੀਸਂਰੇਂ, ਸਂਧਨੀਸਂ, ਨੀਪਧਨੀ, ਧਮਪਧ, ਪਗਮਪ, ਮਰੇਗਮ, ਗਰੇਸਗ, ਰੇਸਨੀਰੇ, ਸਨੀਧਸ

<u>ਨੋਟ:</u> ਇਸ ਅਲੰਕਾਰ ਵਿੱਚ ਤਾਰ ਸਪਤੱਕ ਅਤੇ ਮੰਦ੍ਰ ਸਪਤੱਕ ਦੇ ਸਵਰਾਂ ਦਾ ਵੀ ਪ੍ਰਯੋਗ ਕੀਤਾ ਗਿਆ ਹੈ ਜਿਨ੍ਹਾਂ ਸਵਰਾਂ ਉੱਪਰ ਬਿੰਦੀ ਲੱਗੀ ਹੈ ਉਹ ਤਾਰ ਸਪਤੱਕ ਦੇ ਸਵਰ ਹਨ ਅਤੇ ਜਿਨ੍ਹਾਂ ਸਵਰਾਂ ਦੇ ਥੱਲੇ ਬਿੰਦੀ ਲਗਾਈ ਗਈ ਹੈ ਉਹ ਮੰਦਰ ਸਪਤੱਕ ਦੇ ਸਵਰ ਹਨ।

11.
ਸ
ਸ ਰੇ ਸ
ਸ ਰੇ ਗ ਰੇ ਸ
ਸ ਰੇ ਗ ਮ ਗ ਰੇ ਸ
ਸ ਰੇ ਗ ਮ ਪ ਮ ਗ ਰੇ ਸ
ਸ ਰੇ ਗ ਮ ਪ ਧ ਪ ਮ ਗ ਰੇ ਸ
ਸ ਰੇ ਗ ਮ ਪ ਧ ਨੀ ਧ ਪ ਮ ਗ ਰੇ ਸ
ਸ ਰੇ ਗ ਮ ਪ ਧ ਨੀ ਸਂ ਨੀ ਧ ਪ ਮ ਗ ਰੇ ਸ

12.
ਸਂ
ਸਂ ਨੀ ਸਂ
ਸਂ ਨੀ ਧ ਨੀ ਸਂ
ਸਂ ਨੀ ਧ ਪ ਧ ਨੀ ਸਂ
ਸਂ ਨੀ ਧ ਪ ਮ ਪ ਧ ਨੀ ਸਂ
ਸਂ ਨੀ ਧ ਪ ਮ ਗ ਮ ਪ ਧ ਨੀ ਸਂ
ਸਂ ਨੀ ਧ ਪ ਮ ਗ ਰੇ ਗ ਮ ਪ ਧ ਨੀ ਸਂ
ਸਂ ਨੀ ਧ ਪ ਮ ਗ ਰੇ ਸ ਰੇ ਗ ਮ ਪ ਧ ਨੀ ਸਂ

# ਸਾਡਾ ਵਿਰਸਾ

## ਪ੍ਰੋ. ਨਰਿੰਦਰ ਸਿੰਘ

956, ਫੇਜ਼, 3 ਬੀ-2, ਮੋਹਾਲੀ

**ਸਾਡਾ ਵਿਰਸਾ: 5. ਸ਼ਬਦ ਹਜ਼ਾਰੇ**

ਪੁਰਾਤਨ ਗੁਰਸਿਖ ਜਪੁਜੀ ਸਾਹਿਬ ਦੇ ਪਾਠ ਨਾਲ ਸਤ ਹੋਰ ਸ਼ਬਦਾਂ ਦਾ ਪਾਠ ਕਰਦੇ ਸਨ। ਹੁਣ ਭੀ ਬਹੁਤ ਗੁਰਮੁਖ ਪਿਆਰੇ ਇਹਨਾਂ ਸੱਤਾਂ ਸ਼ਬਦਾਂ ਦਾ ਪਾਠ ਕਰਦੇ ਹਨ। ਇਹਨਾਂ ਸ਼ਬਦਾਂ ਦੇ ਸਮੂਹ ਦਾ ਨਾਮ 'ਸ਼ਬਦ ਹਜ਼ਾਰੇ' ਕਰਕੇ ਪ੍ਰਚਲਤ ਹੈ। ਇਹ ਸ਼ਬਦ ਹਜ਼ਾਰੇ ਨਿਤਨੇਮ ਦੇ ਗੁਟਕਿਆਂ ਵਿੱਚ ਜਪੁਜੀ ਸਾਹਿਬ ਦੀ ਬਾਣੀ ਤੋਂ ਬਾਅਦ ਲਿਖੇ ਹੁੰਦੇ ਹਨ। ਸਿਵਾਏ ਅੰਮ੍ਰਿਤ ਤਿਆਰ ਕਰਨ ਦੇ ਸਮੇਂ ਤੋਂ ਛੁੱਟ ਇਹਨਾਂ ਦਾ ਪਾਠ ਜਪੁਜੀ ਸਾਹਿਬ ਦੀ ਬਾਣੀ ਨਾਲ ਹੁੰਦਾ ਚਲਿਆ ਆ ਰਿਹਾ ਹੈ। ਮੈਨੂੰ ਯਾਦ ਹੈ ਮੇਰੇ ਸੁਰਗਵਾਸੀ ਪਿਤਾ ਪ੍ਰੋ. ਕਰਤਾਰ ਸਿੰਘ ਜੀ ਇਹਨਾਂ ਸ਼ਬਦਾਂ ਦਾ ਪਾਠ, ਮਿਰਤਕ ਸਰੀਰ ਦੇ ਪਾਸ ਕੀਤੇ ਜਪੁਜੀ ਸਾਹਿਬ ਦੇ ਪਾਠ ਦੇ ਨਾਲ ਭੀ ਕਰ ਲੈਂਦੇ ਸਨ।

ਥੋੜੇ ਸਮੇਂ ਤੋਂ ਦੇਖਣ ਵਿਚ ਆ ਰਿਹਾ ਹੈ ਕਿ ਕੁਝ ਸੰਸਥਾਵਾਂ ਜਾਂ ਬੁਧੀਜੀਵਾਂ ਦੇ ਪ੍ਰਭਾਵ ਹੇਠਾਂ ਆ ਕੇ ਕੁਝ ਸਿੱਖਾਂ ਨੇ ਸ਼ਬਦ ਹਜ਼ਾਰਿਆਂ ਦਾ ਪਾਠ ਕਰਨਾ ਛੱਡਿਆ ਹੋਇਆ ਹੈ। ਦੁੱਖ ਵਾਲੀ ਗੱਲ ਤਾਂ ਇਹ ਹੈ ਕਿ ਗੁਰਬਾਣੀ ਦੇ ਛਾਪਣ ਵਾਲੇ ਪ੍ਰਿਟਰਜ਼ ਵੀ ਹੌਲੀ-ਹੌਲੀ ਇਹਨਾਂ ਸ਼ਬਦਾਂ ਨੂੰ ਗੁਟਕਿਆਂ ਵਿੱਚੋਂ ਅਲੋਪ ਕਰ ਰਹੇ ਹਨ। ਸਮੇਂ ਦੀ ਘਾਟ ਜਾਂ ਹੋਰ ਵਿਚਾਰਾਂ ਕਰਕੇ 'ਸ਼ਬਦ ਹਜ਼ਾਰੇ' ਦਾ ਪਾਠ ਕਰੇ ਜਾਂ ਨਾਂ ਕਰੇ ਪਰ ਜੋ ਪੁਰਾਤਨ ਵਿਰਸੇ ਦੇ ਧਾਰਨੀ ਹਨ ਇਹਨਾਂ ਸ਼ਬਦਾਂ ਦਾ ਪਾਠ ਜ਼ਰੂਰ ਕਰਦੇ ਹਨ ਜਾਂ ਕਰਨਾ ਚਾਹੁੰਦੇ ਹਨ। ਨਿਤਨੇਮ ਦੇ ਗੁਟਕਿਆਂ ਵਿਚੋਂ ਇਹਨਾਂ ਸ਼ਬਦਾਂ ਨੂੰ ਤਲਾਂਜਲੀ ਦੇਣੀ ਆਪਣੇ ਗੌਰਵ ਭਰਪੂਰ ਵਿਰਸੇ ਦਾ ਤਿਆਗ ਹੈ।

ਇੱਕ ਇਤਹਾਸਿਕ ਵਿਚਾਰ:

ਸ਼ਬਦ ਹਜ਼ਾਰਿਆਂ ਦੇ ਸਤ ਸ਼ਬਦਾਂ ਦੀਆਂ ਪਹਿਲੀਆਂ ਤੁਕਾਂ ਇਸ ਪ੍ਰਕਾਰ ਹਨ:

1) ਮਾਝ ਮਹਲਾ 5 (ਮੇਰਾ ਮਨੁ ਲੋਚੈ ਗੁਰ ਦਰਸਨ ਤਾਈ)
2) ਧਨਾਸਰੀ ਮਹਲਾ ੧ (ਜੀਉ ਡਰਤੁ ਹੈ ਆਪਣਾ...)
3) ਤਿਲੰਗ ਮਹਲਾ ੧ (ਇਹ ਤਨੁ ਮਾਇਆ ਪਾਹਿਆ ਪਿਆਰੇ...)
4) ਤਿਲੰਗ ਮਹਲਾ ੧ (ਇਆਨੜੀਏ ਮਾਨੜਾ ਕਾਇ ਕਰੇਹਿ)
5) ਸੂਹੀ ਮਹਲਾ ੧ (ਕਉਣ ਤਰਾਜੀ ਕਵਣੁ ਤੁਲਾ...)
6) ਰਾਗ ਬਿਲਾਵਲੁ ਮਹਲਾ ੧ (ਤੂੰ ਸੁਲਤਾਨੁ ਕਹਾ ਹਉ ਮੀਆ...)
7) ਬਿਲਾਵਲੁ ਮਹਲਾ ੧ (ਮਨ ਮੰਦਰੁ ਤਨੁ ਵੇਸ ਕਲੰਦਰੁ...)

ਇਨ੍ਹਾਂ ਸੱਤਾਂ ਸ਼ਬਦਾਂ ਵਿੱਚੋਂ ਛੇ ਸ਼ਬਦ ਪਹਿਲੀ ਪਾਤਸ਼ਾਹੀ ਜੀ ਦੇ ਹਨ ਤੇ ਕੇਵਲ ਇੱਕ ਸ਼ਬਦ ਪੰਚਮ ਪਾਤਸ਼ਾਹੀ ਜੀ ਦਾ ਹੈ। ਅਕਾਲੀ ਕੌਰ ਸਿੰਘ ਜੀ ਨਿਹੰਗ (ਕਰਤਾ 'ਗੁਰੂ ਸ਼ਬਦ ਰਤਨ ਪ੍ਰਕਾਸ਼' ਅਥਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤੁਕ ਕੋਸ਼) ਨੇ ਆਪਣੇ ਵਲੋਂ ਛਪਵਾਏ ਨਿਤਨੇਮ ਦੇ ਗੁਟਕਿਆਂ ਦੀ ਭੂਮਿਕਾ ਵਿੱਚ ਇੱਕ ਪ੍ਰਸੰਗ ਲਿਖਿਆ ਹੈ ਕਿ ਇੱਕ ਵਾਰੀ ਪੰਚਮ ਪਾਤਸ਼ਾਹ ਇਰਾਕੀ ਘੋੜੇ ਉੱਪਰ ਪਲਾਕੀ ਮਾਰ ਕੇ ਚੜਨ ਲੱਗੇ ਤਾਂ ਸੱਤ ਸ਼ਬਦਾਂ ਦਾ ਸਮੁੱਚਾ ਸੰਗ੍ਰਹਿ ਸਵਾਰੀ ਕਰਦੇ-ਕ੍ਰਦੇ ਸੁਣਨਾ ਚਾਹਿਆ। ਉਸ ਸਮੇਂ ਭਾਈ ਗੁਰਦਾਸ ਜੀ ਨੇ ਇੱਕ ਬੰਦ ਇਉਂ ਕਹਿ ਸੁਣਾਇਆ-

ਤੂ ਸੁਲਤਾਨ ਕਹਾ ਹਉ ਮੀਆ,
ਜੀਉ ਡਰਤ ਹੈ ਆਪਣਾ।
ਇਆਨੜੀਏ ਮਾਨੜਾ ਕਾਇ ਕਰੇਹਿ,
ਇਹੁ ਤਨੁ ਮਾਇਆ ਸੁਪਨਾ।

ਮੇਰਾ ਮਨੁ ਲੋਚੈ ਗੁਰ ਦਰਸਨ ਤਾਈ,
ਕਵਣ ਤਰਾਜੀ ਹੋਇ।
ਮਨੁ ਮੰਦਰੁ ਤਨੁ ਵੇਸ ਮੈ,
ਪੇਖ ਰਮਈਆ ਸੋਇ।

ਇਹ ਸੁਣਕੇ ਪਾਤਸ਼ਾਹ ਨੇ ਫ਼ੁਰਮਾਨ ਕੀਤਾ ਕਿ ਇਨ੍ਹਾਂ ਸੱਤਾਂ ਸ਼ਬਦਾਂ ਦਾ ਪਾਠ ਨਿਤਾ ਪ੍ਰਤੀ ਜਪੁਜੀ ਸਾਹਿਬ ਨਾਲ ਕਰਿਆ ਕਰੋ। ਇਨ੍ਹਾਂ ਸੱਤਾਂ ਸ਼ਬਦਾਂ ਦੇ ਸਮੂਹ ਦਾ ਨਾਮ 'ਸ਼ਬਦ ਹਜ਼ਾਰੇ' ਕਰਕੇ ਪ੍ਰਚੱਲਤ ਹੋਇਆ। ਅਕਾਲੀ ਕੌਰ ਸਿੰਘ ਲਿਖਦੇ ਹਨ ਕਿ ਪਹਿਲਿਆਂ ਸਮਿਆਂ ਵਿੱਚ ਇਹਨਾਂ ਸ਼ਬਦਾਂ ਦਾ ਪਾਠ ਉਸੇ ਤਰਤੀਬ ਵਿੱਚ ਹੁੰਦਾ ਸੀ ਜਿਸ ਅਨੁਸਾਰ ਇਹ ਸ਼ਬਦ ਉਪਰੋਕਤ ਕਬਿਤ ਵਿੱਚ ਆਏ ਹਨ। ਜਦੋਂ ਤੋਂ ਛਾਪੇ ਖਾਨੇ ਵਾਲਿਆਂ ਨੇ ਗੁਰਬਾਣੀ ਪ੍ਰਿੰਟ ਕੀਤੀ ਹੈ ਉਦੋਂ ਤੋਂ ਇਹਨਾਂ ਸ਼ਬਦਾਂ ਦੀ ਤਰਤੀਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਿਆਂ ਅਨੁਸਾਰ ਹੋ ਗਈ ਹੈ।

ਗੁਰਸਿੱਖਾਂ ਨੂੰ ਸਨਿਮਰ ਬੇਨਤੀ ਹੈ ਕਿ ਸ਼ਬਦ ਹਜ਼ਾਰਿਆਂ ਦੇ ਪਾਠ ਦਾ ਗੌਰਵ-ਭਰਪੂਰ ਵਿਰਸਾ ਸੰਭਾਲਣ ਜੀ ਅਤੇ ਪ੍ਰਿੰਟਰਜ਼ ਭੀ ਸ਼ਬਦ ਹਜ਼ਾਰਿਆਂ ਦੇ ਸੱਤ ਸ਼ਬਦਾਂ ਦੀ ਛਪਾਈ ਨੂੰ ਤਲਾਂਜਲੀ ਦੇਣ ਦੇ ਅਭਾਗੀ ਨਾ ਬਣਨ।

**ਸਾਡਾ ਵਿਰਸਾ: 6 ਕੁਝ ਕੜਾਹ ਪ੍ਰਸ਼ਾਦਿ ਬਾਰੇ:**

**ਮਹਾਨਤਾ:** ਗਿਆਨੀ ਹਰਬੰਸ ਸਿੰਘ ਜੀ ਆਪਣੀ ਪੁਸਤਕ 'ਕੜਾਹ ਪ੍ਰਸ਼ਾਦਿ ਮਰਿਯਾਦ ਨਿਰਣੈ' ਵਿੱਚ ਇਉਂ ਲਿਖਦੇ ਹਨ- "ਜਿਸ ਸਿੱਖ ਦਾ ਕਿਰਦਾਰ ਉੱਚਾ ਹੈ, ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਜਾਣਦਾ ਹੈ। ਜੋ ਗੁਰਮਤਿ ਮਰਿਯਾਦਾ ਅਨੁਸਾਰ ਕੜਾਹ ਪ੍ਰਸ਼ਾਦਿ ਭੇਟ ਕਰਕੇ ਅਰਦਾਸ ਭੇਟ ਕਰਦਾ ਹੈ ਉਸ ਦੀਆਂ ਸਾਰੀਆਂ ਕਾਮਨਾਵਾਂ ਗੁਰੂ ਪਾਤਸ਼ਾਹ ਜੀ ਪੂਰਨ ਕਰਦੇ ਹਨ। ਬਾਕੀ ਦੇਖਾ ਦੇਖੀ ਜਾਂ ਸੰਸਾਰਕ ਵਡਿਆਈਆਂ ਹਿੱਤ ਕੋਈ ਹਾਜ਼ਰੀ ਭਰਦਾ ਹੈ ਤਾਂ ਉਸ ਦਾ ਸੁਖਫਲ ਭੀ ਉਹੋ ਜਿਹਾ ਪਾ ਲੈਂਦਾ ਹੈ।"

ਸ੍ਰੀ ਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਕਿਲੇ ਵਾਲਿਆਂ ਨੇ ਇੱਕ ਦਿਨ ਇਉਂ ਆਖਿਆ- "ਪਿਆਰਓ... ਭੁੱਲ ਨਾ ਜਾਣਾ... ਅਕਾਲ ਪੁਰਖ ਨੂੰ ਭੋਗ ਲਗਦੇ ਕੜਾਹ ਪ੍ਰਸ਼ਾਦ ਦਾ ਇਹ ਮਹਾਰਾਜ ਦੀ ਖ਼ੁਰਾਕ ਹੈ। ਇਸ ਨੂੰ ਬਣਾਉਣ ਵਰਤਾਉਣ ਦੇ ਅਦਬ ਦੀ ਕਿਸੇ ਤਰ੍ਹਾਂ ਅਣਗਹਿਲੀ ਜਾਂ ਬੇ-ਅਬਦੀ ਨਾ ਹੋਵੇ। ਇਹ ਭੀ ਆਖਿਆ ਕਿ ਪ੍ਰਸ਼ਾਦਿ ਸਜਾਉਣ ਸਮੇਂ ਸਵਛਤਾ ਰੱਖੋ ਤੇ ਗੁਰਬਾਣੀ ਦੇ ਪਾਠ ਦਾ ਉਚਾਰਣ ਕਰੋ। ਖੰਡ, ਸੀਧਾ (ਰਸਦ), ਘਿਉ, ਵਜ਼ਨ ਅਨੁਸਾਰ ਬਰਾਬਰ ਦੇ ਅਤੇ ਜਲ ਚਾਰ ਗੁਣਾਂ ਵਰਤੋ। ਬਹੁਤ ਗਰਮ ਗਰਮ ਪ੍ਰਸ਼ਾਦਿ ਭੀ ਹਜ਼ੂਰੀ ਵਿੱਚ ਨਹੀਂ ਲਿਜਾਵੋ। ਇਹ ਸਭ ਗੱਲਾਂ ਦਾ ਧਿਆਨ ਰੱਖੋ ਕਿ ਇਸ ਦਾ ਭੋਗ ਮਹਾਰਾਜ ਨੇ ਲਾਉਣਾ। ਸੋ ਅਦਬ ਸਤਿਕਾਰ ਨਾਲ ਦੇਗ ਸਜਾਵੋ ਜੀ। ਸਾਹਿਬ ਸਤਿਗੁਰੂ ਨਾਨਕ ਦੇਵ ਜੀ ਦੀ ਬਗਦਾਦ ਦੀ ਸਾਖੀ ਯਾਦ ਕਰੋ। ਪੀਰ ਬਹਾਉ ਦੀਨ ਦੇ ਬੇਟੇ ਨੂੰ ਲੱਖਾਂ ਅਕਾਸ਼ਾਂ ਪਤਾਲਾਂ ਦੀ ਸੈਰ ਕਰਾਈ ਅਤੇ ਅੰਤ ਵਿਚ ਕਿਸੇ ਮੰਡਲ ਵਿੱਚੋਂ ਕੜਾਹ ਪ੍ਰਸ਼ਾਦਿ ਦਾ ਇਕ ਕੌਲਾ ਵੀ ਨਾਲ ਲੈ ਆਏ। ਕੜਾਹ ਪ੍ਰਸ਼ਾਦਿ ਸ੍ਰੀ ਗੁਰੂ ਨਾਨਕ ਸਾਹਿਬ ਨੂੰ ਬਹੁਤ ਪਿਆਰਾ ਹੈ।

"ਭਾਈ ਸਾਹਿਬ ਭਾਈ ਜੀਵਨ ਸਿੰਘ ਜੀ ਜੋ 'ਅਖੰਡ ਕੀਰਤਨੀ' ਜੱਥਿਆਂ ਦੇ ਮੁੱਖੀਆਂ ਵਿੱਚੋਂ ਹਨ ਉਹ ਭੀ ਅਰਦਾਸ ਕਰਨ ਸਮੇਂ ਕੜਾਹ ਪ੍ਰਸ਼ਾਦਿ ਨੂੰ ਭੋਗ ਲਾਵੋ... ਅਤੇ ਪ੍ਰਸ਼ਾਦਿ ਸਾਧ ਸੰਗਤ ਨੂੰ ਬਖਸ਼ੋ" ਦੀ ਭਾਵਨਾ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਅਰਦਾਸ ਕਰਦੇ ਹਨ।

**ਪ੍ਰਸ਼ਾਦਿ ਦਾ ਵਰਤਾਉਣਾ:** ਪੁਰਾਤਨ ਰਵਾਇਤ ਅਨੁਸਾਰ ਅਰਦਾਸ ਅਤੇ ਗੁਰੂ ਮਹਾਰਾਜ ਦੇ ਵਾਕ ਲੈਣ ਤੋਂ ਬਾਅਦ ਦੇਗ ਕਿਰਪਾਨ ਭੇਟ ਹੁੰਦੀ ਆ ਰਹੀ ਹੈ। ਉਪਰੰਤ ਇੱਕ ਕੌਲੇ ਜਾਂ ਬਾਟੇ ਵਿੱਚ ਦੇਗ ਦਾ ਇੱਕ ਖੁੱਲ੍ਹਾ ਗੱਫਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮੰਜੀ ਸਾਹਿਬ ਹੇਠਾਂ ਸਜਾਇਆ ਜਾਂਦਾ ਅਥਵਾ ਭੇਟ ਕੀਤਾ ਜਾਂਦਾ ਹੈ। ਕਿਧਰੇ ਕਿਧਰੇ ਇਸ ਕੌਲ ਨੂੰ 'ਨਾਨਕ ਬਾਟਾ' ਵੀ ਆਖਦੇ ਸਨ। ਇਸ ਤੋਂ ਬਾਅਦ ਪੰਜਾਂ ਪਿਆਰਿਆਂ ਦਾ ਪ੍ਰਸ਼ਾਦਿ ਵਰਤਾ ਕੇ ਸੰਗਤਾਂ ਵਿੱਚ ਬਰਾਬਰ ਦਾ ਪ੍ਰਸ਼ਾਦਿ ਵੰਡਿਆਂ ਜਾਂਦਾ ਸੀ। ਅੱਜ ਕਲ੍ਹ ਇਹ ਮਰਿਯਾਦਾ ਧੁੰਧਲੀ ਹੋ ਗਈ ਹੈ ਅਥਵਾ ਬਦਲੀ ਜਾ ਰਹੀ ਹੈ। ਇੱਥੋਂ ਤੱਕ ਕਿ ਹੁਣ 'ਨਾਨਕ-ਬਾਟੇ' ਦੀ ਵਾਰੀ ਪੰਜਾਂ ਪਿਆਰਿਆਂ ਦੀ ਵਾਰੀ ਤੋਂ ਬਾਅਦ ਵੀ ਨਹੀਂ ਆਉਂਦੀ। ਜੋ ਪ੍ਰਸ਼ਾਦਿ ਦਾ ਕੌਲ ਪਹਿਲਾਂ ਗੁਰੂ ਗ੍ਰੰਥ ਸਾਹਿਬ ਜੀ ਦੀ ਭੇਟ ਕੀਤਾ ਜਾਂਦਾ ਸੀ ਅੱਜ ਉਸ ਨੂੰ ਕੇਵਲ ਗ੍ਰੰਥੀ ਸਿੰਘ ਜੀ ਦਾ ਗੱਫਾ ਮੰਨਿਆਂ ਜਾਣ ਲਗ ਪਿਆ ਹੈ। ਪ੍ਰਸ਼ਾਦਿ ਦਾ ਕੋਈ ਕੌਲ ਜਾਂ ਬਾਟਾ ਗੁਰੂ ਮਹਾਰਾਜ ਜੀ

ਨੂੰ ਭੇਟ ਨਹੀਂ ਕੀਤਾ ਜਾਂਦਾ। ਇਸ ਨੂੰ ਮੰਜੀ ਸਾਹਿਬ ਤੋਂ ਬਾਹਰ ਕੁਝ ਹਟਵਾਂ ਜਾਂ ਸਾਈਡ ਤੇ ਪਈ ਮੇਜ਼ ਅਥਵਾ ਥੜੀ ਉੱਪਰ ਹੀ ਟਿਕਾ ਦਿੱਤਾ ਜਾਂਦਾ ਹੈ। ਮੈਂ ਬਚਪਨ ਵਿੱਚ ਇਹੋ ਦੇਖਿਆ ਹੈ ਕਿ ਪਹਿਲਾਂ ਕੌਲ ਗੁਰੂ ਮਹਾਰਾਜ ਦੀ ਭੇਟ ਹੁੰਦਾ ਸੀ। ਉਪਰੰਤ ਪੰਜਾਂ ਪਿਆਰਿਆਂ ਦੇ ਤੇ ਫੇਰ ਸਾਰੀ ਸੰਗਤ ਦੀ ਵਾਰੀ ਆਉਂਦੀ ਸੀ। ਨਾਨਕ ਬਾਟੇ ਦੀ ਪ੍ਰੋੜਤਾ ਸੋਢੀ ਹਰਭਜਨ ਸਿੰਘ ਜੀ ਦੀ ਪੁਸਤਕ 'ਭਜਨ ਬੰਦਗੀ ਦਾ ਪ੍ਰਤਾਪ' ਤੀਸਰੇ ਐਡੀਸ਼ਨ ਦੇ ਪੰਨਾ 235 ਵਿੱਚੋਂ ਵੀ ਮਿਲਦੀ ਹੈ।

ਧਿਆਨ ਰੱਖੀਏ ਕਿ ਗ੍ਰੰਥੀ ਸਾਹਿਬ 'ਨਾਨਕ ਬਾਟੇ' ਵਿੱਚੋਂ ਥੋੜੀ ਦੇਗ ਤਾਂ ਭਾਵੇਂ ਲੈ ਲੈਣ, ਪ੍ਰੰਤੂ ਗ੍ਰੰਥੀ ਸਿੰਘ ਜੀ ਵਾਸਤੇ ਜੋ ਪ੍ਰਸ਼ਾਦਿ ਦਾ ਕੌਲ ਉਨ੍ਹਾਂ ਦੇ ਨਜ਼ਦੀਕ ਰੱਖ ਦੇਈਦਾ ਹੈ ਉਹ 'ਨਾਨਕ ਬਾਟਾ' ਜਾਂ ਉਸਦੇ ਤੁਲ ਕਦਾਚਿਤ ਨਹੀਂ ਹੈ।

ਰਾਤੀਂ ਮਹਾਰਾਜ ਦੇ ਸਰਗੁਣ ਸਰੂਪ ਦੇ ਟਿਕਾਣੇ ਨੂੰ 'ਸੁਖ ਆਸਣ' ਦਾ ਟਿਕਾਣਾ ਮੰਨਣਾ।

ਉਪਰੋਕਤ ਲਿਖੀਆਂ ਇਤਿ ਆਦਿ ਦੀਆਂ ਹੋਰ ਬਹੁਤ ਸਾਰੀਆਂ ਕਿਰਿਆਵਾਂ ਸਾਡੇ ਇਸ਼ਟ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰਗੁਣ ਸਰੂਪ ਦੀਆਂ ਉਪਾਸ਼ਨਾਂ ਦੇ ਢੰਗ ਹਨ। ਇਹ ਸਿੱਖ ਕੌਮ ਦਾ ਗੌਰਵ ਭਰਪੂਰ ਵਿਰਸਾ ਹੈ। ਇਸ ਉਪਰ ਸਾਨੂੰ ਫਖਰ ਹੈ, ਮਾਣ ਹੈ। ਇਹਨਾਂ ਤੋਂ ਮੁਨਕਰ ਹੋਣਾ ਸਾਡਾ ਆਤਮਘਾਤ ਹੈ।

ਪਰ ਇਹ ਸਮਝ ਨਹੀਂ ਆਉਂਦੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮੰਜੀ ਸਾਹਿਬ ਦੇ ਹੇਠਾਂ ਕੜਾਹ ਪ੍ਰਸ਼ਾਦਿ ਰੱਖ ਕੇ ਕਰਨ ਦੀ ਮਰਿਯਾਦਾ, ਤੋਂ ਕਿਉਂ ਪਰਹੇਜ਼ ਕਰਨ ਲੱਗ ਪਏ ਹਾਂ (ਸ਼ਾਇਦ ਅਨਮਤੀਆਂ ਦੀ ਅਲੋਚਨਾਂ ਤੋਂ ਘਬਰਾਉਂਦੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਭੋਗ ਨੂੰ ਅਸੀਂ ਗ੍ਰੰਥੀ ਸਾਹਿਬ ਦਾ ਛਾਂਦਾ ਹੀ ਆਖ ਰਹੇ ਹਾਂ)

ਖਾਲਸਾ ਜੀ, ਆਪਣਾ ਆਪ ਅਤੇ ਆਪਣਾ ਵਿਰਸਾ ਨਾ ਛੱਡੋ ਅਤੇ ਇਸ ਉੱਪਰ ਫਖਰ ਕਰੋ ਅਤੇ ਮਾਣ ਕਰੋ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੋਈ ਮਨੁੱਖੀ ਅਕਲ ਨਾਲ ਲਿਖੀ ਪੁਸਤਕ ਨਹੀਂ ਹੈ। ਇਸ ਦੇ ਅੰਦਰ ਲਿਖੀ ਬਾਣੀ ਉਹ ਬਾਣੀ ਹੈ ਜੋ ਅਕਾਲ ਪੁਰਖ ਨੇ ਗੁਰੂ ਸਾਹਿਬਾਂ ਅਤੇ ਹੋਰ ਭਗਤਾਂ ਦੇ ਮੁਖਾਰਬਿੰਦ 'ਚੋਂ ਪਰਗਟ ਕੀਤੀ ਹੈ। ਇਹ ਬਾਣੀ 'ਗੁਰਬਾਣੀ' ਅਖਵਾਉਂਦੀ ਹੈ। ਇਸ ਵਿੱਚ ਦਸਾਂ ਪਾਤਸ਼ਾਹੀਆਂ ਦੀ ਜੋਤ ਹੈ। ਅਕਾਲ ਪੁਰਖ ਦਾ ਆਪਣਾ ਵਿਸ਼ੇਸ਼ ਵਾਸਾ ਹੈ। ਕੜਾਹ ਪ੍ਰਸ਼ਾਦਿ ਦੀ ਪਰਵਾਨਗੀ ਕਿਰਪਾਨ ਭੇਟ ਕਰ ਕੇ ਲੈ ਲਈਦੀ ਹੈ। ਇਸ ਪਰਵਾਨ ਹੋਏ ਕੜਾਹ ਪ੍ਰਸ਼ਾਦਿ ਦਾ ਇੱਕ ਕੌਲ ਗੁਰੂ ਮਹਾਰਾਜ ਦੀ ਮੰਜੀ ਸਾਹਿਬ ਹੇਠਾਂ ਰੱਖੀਦਾ ਹੈ। ਇਹ ਪ੍ਰਸ਼ਾਦਿ ਜੋ ਸਤਿਗੁਰਾਂ ਦੀ ਮੰਜੀ ਹੇਠਾਂ ਰੱਖੀਦਾ ਹੈ, ਨੂੰ ਗੁਪਤ ਤੌਰ ਤੇ ਭੋਗ ਲਗਦਾ ਹੈ। ਕਿਸ ਤਰ੍ਹਾਂ? ਇਹ ਪੁੱਛੋ ਉਹਨਾਂ ਮਹਾਂਪੁਰਖਾਂ ਨੂੰ ਜਿਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰਗੁਣ ਸਰੂਪ ਨੂੰ ਸਚਮੁਚ 'ਪ੍ਰਗਟ ਗੁਰਾਂ ਦੀ ਦੇਹ' ਮੰਨਿਆ ਹੈ ਤੇ ਦੇਖਿਆ ਹੈ ਜਾਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪੁੱਛੋ ਜਿਨ੍ਹਾਂ ਨੇ ਬਗਦਾਦ ਵਿੱਚ ਸਚਖੰਡੀ ਮੰਡਲਾਂ ਵਿੱਚੋਂ ਕੜਾਹ ਪ੍ਰਸ਼ਾਦਿ ਦਾ ਕੌਲ ਲਿਆ ਕੇ ਪਰਗਟ ਕਰ ਦਿਖਲਾਇਆ ਹੈ।

ਸੰਗਤ ਜੀਓ, ਮਹਾਂਪੁਰਖੋ ਜੀਓ, ਖਾਲਸਾ ਜੀਓ, ਇਸ ਪੁਰਾਤਨ ਰਵਾਇਤ ਨੂੰ ਕਾਇਮ ਰਖ ਕੇ ਆਪਣੇ ਸਿਦਕ ਤੋਂ ਨਾ ਡੋਲੋ ਜੀ।

*ਕੁਝ ਹੋਰ ਵਿਚਾਰ ਭੀ*

ਜਿਸ ਪਰਾਤ ਜਾਂ ਬਾਟੇ ਵਿੱਚ ਕੜਾਹ ਪ੍ਰਸ਼ਾਦਿ ਪਾਕੇ ਤੇ ਸਵਛ ਕਪੜੇ ਨਾਲ ਢਕ ਕੇ ਲਿਆਈਦਾ ਹੈ, ਉਸੇ ਭਾਂਡੇ ਨੂੰ ਚੁੱਕ ਕੇ ਉਸ ਵਿੱਚੋਂ ਪ੍ਰਸ਼ਾਦਿ ਵਰਤਾਉਣਾ ਨਹੀਂ ਸ਼ੁਰੂ ਕਰ ਦੇਣਾ ਚਾਹੀਦਾ। ਇਹ ਬੜਾ ਕੋਝਾ ਢੰਗ ਹੈ। ਵਰਤਾਉਣ ਸਮੇਂ ਦੇਗ ਦੇ ਮੁੱਖ ਭੰਡਾਰੇ ਵਿੱਚੋਂ ਪ੍ਰਸ਼ਾਦਿ ਹੋਰ ਥਾਲੀਆਂ ਜਾਂ ਛੋਟੇ ਬਾਟਿਆਂ ਵਿੱਚ ਪਾ ਕੇ ਵਰਤਾਉਣਾ ਉਚਿਤ ਹੈ। ਮੁੱਖ ਭੰਡਾਰੇ ਵਾਲਾ ਦੇਗ ਦਾ ਬਰਤਨ ਮਹਾਰਾਜ ਦੀ ਹਜ਼ੂਰੀ ਵਿੱਚੋਂ ਨਹੀਂ ਚੁੱਕਣਾ ਚਾਹੀਦਾ। ਹਜ਼ੂਰੀ ਵਿੱਚ ਹੀ ਟਿਕਿਆ ਰਹਿਣਾ ਚਾਹੀਦਾ ਹੈ।

ਦੇਗ ਛਕਣ ਉਪਰੰਤ ਹੱਥਾਂ ਤੇ ਲੱਗੀ ਥੰਦਿਆਈ ਲੱਤਾਂ ਪੈਰਾਂ ਤੇ ਮਲ ਕੇ ਸਾਫ ਕਰਨਾ ਬੇਅਦਬੀ ਹੈ। ਇਸ ਕਿਰਿਆ ਤੋਂ ਸੰਕੋਚ ਕਰੋ ਜੀ।

# ਸੁਰ ਲਿਪੀ


## ਪ੍ਰੋ. ਪਰਮਜੋਤ ਸਿੰਘ

ਗੁਰਮਤਿ ਭਵਨ, ਮੁੱਲਾਂਪੁਰ, ਲੁਧਿਆਣਾ


**ਰਾਗ ਤਿਲੰਗ:**

**ਆਰੋਹ** : ਸ ਗ ਮ ਪ ਨ ਸਂ। **ਅਵਰੋਹ** : ਸਂ ਨੁ ਪ ਮ ਗ ਮ ਗ - ਸ। **ਸੁਰ** : ਦੋਵੇਂ ਨ.

**ਵਰਜਿਤ ਸੁਰ** : ਰ ਧ **ਥਾਟ** : ਖਮਾਜ **ਜਾਤੀ** : **ਔੜਵ-ਔੜਵ** **ਸਮਾਂ** : ਦਿਨ ਦਾ ਤੀਸਰਾ ਪਹਿਰ

**ਵਾਦੀ** : ਗ **ਸੰਵਾਦੀ** : ਨ **ਮੁਖ ਅੰਗ** : ਗ ਮ ਪ ਨੁ ਪ - ਮ ਪ ਮ ਗ

**ਸੁਰ ਵਿਸਥਾਰ** : ਸ ਗ ਮ - ਪ ਮ ਪਮ ਗ ਗ ਮ ਪ ਨੁ ਪ ਮ ਗ ਸ ਨ਼ ਸ

| 9 | 10 | 11 | 12 | 13 | 14 | 15 | 16 | 1 | 2 | 3 | 4 | 5 | 6 | 7 | 8 |
|---|---|---|---|---|---|---|---|---|---|---|---|---|---|---|---|
| ***ਸਥਾਈ*** | | | | | | | | | | | | | | | |
| ਸਂ | ਸਂ | ਨ | ਸਂ | ਨੁੀ | ਪ | ਗ | ਮ | ਗ | ਗ | ਗ | ਸ | ਗ | ਮ | ਪਨੁ | ਮਪ |
| ਆ | ਇ | ਮਿ | ਲੁ | ਗੁ | ਰ | ਸਿ | ਖ | ਆ | ઽ | ਇ | ઽ | ਮਿ | ઽ | ਲੂઽ | ઽઽ |
| ਸ | ਸ | ਗ | ਮ | ਪ | ਪ | ਨ | ਨ | ਸਂ | ਸਂ | ਸਂ | ਸਂ | ਨ | ਸਂ | ਪਾਨੁੀ | ਮਪ |
| ਤੂ | ઽ | ਮੇ | ਰੇ | ਗੁ | ਰੂ | ਕੇ | ઽ | ਪਿ | ਆ | ઽ | ઽ | ਰੇ | ઽ | ઽઽ | ઽઽ |
| 0 | | | | 3 | | | | X | | | | 2 | | | |
| ***ਅੰਤਰਾ*** | | | | | | | | | | | | | | | |
| ਗ | ਮ | ਪ | ਨ | ਸਂ | ਸਂ | ਸਂ | ਸਂ | ਨੀ | ਸਂ | ਗਂ | ਸਂ | ਨ | ਸਂ | ਨੁ | ਪ |
| ਹ | ਰਿ | ਕੀ | ਆ | ਕ | ਥਾ | ઽ | ਕ | ਹਾ | ઽ | ઽ | ਣੀ | ਆ | ઽ | ઽ | ઽ |
| ਸ | ਸ | ਗ | ਮ | ਪ | ਪ | ਨ | ਨ | ਸਂ | ਸਂ | ਸਂ | ਸਂ | ਨ | ਸਂ | ਪਨੁ | ਮਪ |
| ਗੁ | ઽ | ਰਿ | ઽ | ਮੀ | ઽ | ਤਿ | ਸੁ | ਣਾ | ઽ | ઽ | ਈ | ਆ | ઽ | ઽઽ | ઽઽ |
| 0 | | | | 3 | | | | X | | | | 2 | | | |


**ਸਾਡਾ ਵਿਰਸਾ ਸਾਡਾ ਗੌਰਵ**

(ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਮਾਸਿਕ ਪੱਤਰ)

ਮਾਡਲ ਟਾਊਨ ਐਕਸਟੈਨਸ਼ਨ,
ਲੁਧਿਆਣਾ - 141 002

Communication Centre
Formal Restaurants
Exhibition Rooms
Accommodation
Informal Eating
Tours & Travels
Conferencing
Floral Shop
Seminars

**THE AROMA**
**Sector: 22 - C, Chandigarh,**
**Ph.: 700045-48 Fax : 0172-700051**
**E-mail : hotelaroma@glide.net.in**
**Website : www.hotelaroma.com**

Premium Event Centre
Millennium Centre
Deliberations
Abhinandan
Exporama
Mind Set
Art Craft
Phulkari

*Metres and metres of endless possibilities*

## ਉੱਤਮ ਸਿੰਘ

409, ਫੇਜ਼ 3ਬੀ-1, ਮੁਹਾਲੀ

| 1 | 2 | 3 | 4 | 5 | 6 | 7 |
|---|---|---|---|---|---|---|
| ***ਸਥਾਈ*** | | | | | | |
| ਸੰ | ਨੀ | ਸੰ | ਨ੍ੀ | ਪ | ਗ | ਮ |
| ਸ | ਭ | ਊ | ਪ | ਰ | ਪਾ | ਰ |
| ਗ | ਗ | ਸ | ਗ | ਮ | ਪਨ੍ੀ | ਮਪ |
| ਬ੍ਰਹ | ਮ | ਦਾ | ਤਾ | ऽ | ऽऽ | ऽਰ |
| ਸ | ਗ | ਪ | - | - | ਨੀ | ਨੀ |
| ਤੇ | ऽ | ਰੀ | ਟੇ | ऽ | ਕ | ਤੇ |
| ਸੰ | - | ਸੰ | ਨੀ | ਸੰ | ਪਨ੍ੀ | ਮਪ |
| ਰਾ | ऽ | ਆ | ਧਾ | ऽ | ऽऽ | ऽਰ |
| ***ਅੰਤਰਾ*** | | | | | | |
| ਗ | ਗ | ਮ | ਪ | - | ਨੀ | - |
| ਤੁਧੁ | ਬਿ | ਨੁ | ਦੂ | ऽ | ਜਾ | - |
| ਸੰ | - | ਗੰਮੰ | ਗੰ | - | ਸੰ | - |
| ਨਾ | ऽ | ਹੀ | ਕੋ | ऽ | ਇ | ऽ |
| ਸੰ | - | ਸੰ | ਨੀ | ਸੰ | ਨ੍ੀ | ਪ |
| ਤੂ | ऽ | ਕਰ | ਤਾ | ऽ | ਰੁ | ਕ |
| ਮ | - | ਪ | ਮ | - | ਗ | - |
| ਰਹਿ | ऽ | ਸੋ | ਹੋ | ऽ | ਇ | ऽ |
| ਗ | ਗ | ਮ | ਪ | - | ਨੀ | - |
| ਤੇ | ऽ | ਰਾ | ਜੋ | ऽ | ਰੁ | ਤੇ |
| ਸੰ | - | ਗੰਮੰ | ਗੰ | - | ਸੰ | - |
| ਰੀ | ऽ | ਮਨਿ | ਟੇ | - | ਕ | - |
| ਸ | ਗ | ਪ | - | - | ਨੀ | ਨੀ |
| ਸ | ਦਾ | ਸ | ਦਾ | ऽ | ਜ | ਪਿ |
| ਸੰ | ਸੰ | ਸੰ | ਨੀ | ਸੰ | ਪਨ੍ੀ | ਮਪ |
| ਨਾ | ਨ | ਕ | ਏ | ऽ | ਕऽ | ऽऽ |
| 0 | | | 1 | | 2 | |

**NISHKAM SCHOLARSHIPS - 2002** ***Nishkam Talent Search & Support Programme***

**With aid from 'Sikh Human Development Foundation, USA, more than 50 scholarships, up to Rs. 1500/- P.M., are being granted by 'Nishkam Sikh Welfare Council (Regd.), Nishkam Bhawan, B-Block, Tilak Vihar, New Delhi 110 018 (Phone: 5412601, 5101848), to student, doing professional courses. Family income should not exceed Rs. 10,000/- P.M. Preference will be given to needy but intelligent students having good character. Free application forms can be had through post from Nishkam and submitted by 15th May, 2002. Screening test in Punjabi & Religious and Moral Studies will be held at New Delhi, Chandigarh, Ludhiana & Amritsar on 16th June, 2002 and interview thereafter.**

# ਸੁਰ-ਲਿਪੀ ਵਾਲੇ ਸ਼ਬਦਾਂ ਦੇ ਅਰਥ

ਮਨਮੋਹਨ ਸਿੰਘ

| ਤਿਲੰਗ ਮਹਲਾ ੪॥ | Tilang 4th Guru. | ਤਿਲੰਗ ਚੌਥੀ ਪਾਤਿਸ਼ਾਹੀ। |
|---|---|---|
| ਹਰਿ ਕੀਆ ਕਥਾ ਕਹਾਣੀਆ ਗੁਰ ਮੀਤਿ ਸੁਣਾਈਆ॥ | God's sermons and tales, my friend, the Guru has uttered to me. | ਵਾਹਿਗੁਰੂ ਦੀਆਂ ਧਰਮ ਵਾਰਤਾਵਾਂ ਅਤੇ ਸਾਖੀਆਂ ਮੇਰੇ ਮਿਤ੍ਰ, ਗੁਰਾਂ ਨੇ ਮੈਨੂੰ ਸੁਣਾਈਆਂ ਹਨ। |
| ਬਲਿਹਾਰੀ ਗੁਰ ਆਪਣੇ ਗੁਰ ਕਉ ਬਲਿ ਜਾਈਆ॥੧॥ | A sacrifice am I unto my Guru. Unto the Guru, I am a sacrifice. | ਕੁਰਬਾਨ ਹਾਂ, ਮੈਂ ਆਪਣੇ ਗੁਰਾਂ ਉਤੋਂ। ਗੁਰਾਂ ਦੇ ਉਤੋਂ ਮੈਂ ਕੁਰਬਾਨ ਹਾਂ। |
| ਆਇ ਮਿਲੁ ਗੁਰਸਿਖ ਆਇ ਮਿਲੁ ਤੂ ਮੇਰੇ ਗੁਰੂ ਕੇ ਪਿਆਰੇ॥ | Come and see me, O thou the disciple of the Guru, come and meet me thou. Thou art my Guru's beloved. | ਆ ਤੇ ਮੈਨੂੰ ਮਿਲ, ਤੂੰ ਹੇ ਗੁਰਾਂ ਦੇ ਮੁਰੀਦ! ਤੂੰ ਆ ਕੇ ਮੈਨੂੰ ਮਿਲ ਤੂੰ ਮੈਂਡੇ ਗੁਰਾਂ ਦਾ ਪ੍ਰੇਮੀ ਹੈਂ। |
| ਰਹਾਉ॥ | Pause. | ਠਹਿਰਾਉ। |
| ਹਰਿ ਕੇ ਗੁਣ ਹਰਿ ਭਾਵਦੇ ਸੇ ਗੁਰੂ ਤੇ ਪਾਏ॥ | God's praises are pleasing to God. Them I have obtained from the Guru. | ਵਾਹਿਗੁਰੂ ਦੀਆਂ ਸਿਫਤਾਂ ਵਾਹਿਗੁਰੂ ਨੂੰ ਚੰਗੀਆਂ ਲਗਦੀਆਂ ਹਨ। ਉਨ੍ਹਾਂ ਨੂੰ ਮੈਂ ਗੁਰਾਂ ਪਾਸੋਂ ਪਰਾਪਤ ਕੀਤਾ ਹੈ। |
| ਜਿਨ ਗੁਰ ਕਾ ਭਾਣਾ ਮੰਨਿਆ ਤਿਨ ਘੁਮਿ ਘੁਮਿ ਜਾਏ॥੨॥ | They, who obey the Guru's will; unto them I am a sacrifice, a sacrifice. | ਜੋ ਗੁਰਾਂ ਦੀ ਰਜ਼ਾ ਨੂੰ ਕਬੂਲ ਕਰਦੇ ਹਨ, ਉਨ੍ਹਾਂ ਉਤੋਂ ਮੈਂ ਸਦਕੇ ਮੈਂ ਸਦਕੇ ਜਾਂਦਾ ਹਾਂ। |
| ਜਿਨ ਸਤਿਗੁਰੁ ਪਿਆਰਾ ਦੇਖਿਆ ਤਿਨ ਕਉ ਹਉ ਵਾਰੀ॥ | They who behold the beloved True Guru; unto them am I devoted. | ਜੋ ਪ੍ਰੀਤਮ ਗੁਰਾਂ ਨੂੰ ਵੇਖਦੇ ਹਨ, ਉਨ੍ਹਾਂ ਉਤੋਂ ਮੈਂ ਸਦਕੇ ਜਾਂਦਾ ਹਾਂ। |
| ਜਿਨ ਗੁਰ ਕੀ ਕੀਤੀ ਚਾਕਰੀ ਤਿਨ ਸਦ ਬਲਿਹਾਰੀ॥੩॥ | I am ever sacrifice unto those, who perform the Guru's service. | ਮੈਂ ਉਨ੍ਹਾਂ ਉਤੋਂ ਹਮੇਸ਼ਾ ਘੋਲੀ ਵੰਞਦਾ ਹਾਂ, ਜੋ ਗੁਰਾਂ ਦੀ ਘਾਲ ਕਮਾਉਂਦੇ ਹਨ। |
| ਹਰਿ ਹਰਿ ਤੇਰਾ ਨਾਮੁ ਹੈ ਦੁਖ ਮੇਟਣਹਾਰਾ॥ | Thy Name, O Lord God, is the Destroyer of suffering. | ਤੇਰਾ ਨਾਮ, ਹੇ ਸੁਆਮੀ ਵਾਹਿਗੁਰੂ! ਤਕਲੀਫ਼ ਦੂਰ ਕਰਨ ਵਾਲਾ ਹੈ। |
| ਗੁਰ ਸੇਵਾ ਤੇ ਪਾਈਐ ਗੁਰਮੁਖਿ ਨਿਸਤਾਰਾ॥੪॥ | By the service of the Guru, the Name is received, It is through the Guru, that emancipation is obtained. | ਗੁਰਾਂ ਦੀ ਚਾਕਰੀ ਕਮਾਉਣ ਦੁਆਰਾ ਨਾਮ ਪਾਇਆ ਜਾਂਦਾ ਹੈ। ਗੁਰਾਂ ਦੇ ਰਾਹੀਂ ਹੀ ਕਲਿਆਣ ਪਰਾਪਤ ਹੁੰਦੀ ਹੈ। |
| ਜੋ ਹਰਿ ਨਾਮੁ ਧਿਆਇਦੇ ਤੇ ਜਨ ਪਰਵਾਨਾ॥ | They who contemplate the Lord's Name; Acceptable become those persons. | ਜਿਹੜੇ ਸੁਆਮੀ ਦੇ ਨਾਮ ਦਾ ਸਿਮਰਨ ਕਰਦੇ ਹਨ, ਉਹ ਪੁਰਸ਼ ਕਬੂਲ ਪੈ ਜਾਂਦੇ ਹਨ। |
| ਤਿਨ ਵਿਟਹੁ ਨਾਨਕੁ ਵਾਰਿਆ ਸਦਾ ਸਦਾ ਕੁਰਬਾਨਾ॥੫॥ | Unto them, Nanak is a sacrifice and for ever and aye is devoted. | ਉਨ੍ਹਾਂ ਉਤੋਂ ਨਾਨਕ ਕੁਰਬਾਨ ਜਾਂਦਾ ਹੈ ਅਤੇ ਸਦੀਵ ਤੇ ਹਮੇਸ਼ਾ ਲਈ ਸਦੱਕੜੇ ਹੈ। |

**ੴ ਅੰਮ੍ਰਿਤ ਕੀਰਤਨ** ਨੂੰ ਨਿਖਾਰਨ ਦਾ ਯਤਨ ਇੱਕ ਲਗਾਤਾਰ ਚਲਦੀ ਹੋਈ ਮੁਹਿੰਮ ਹੈ।
ਇਸ ਨੂੰ ਹੋਰ ਚੰਗੇਰਾ ਬਣਾਉਣ ਲਈ ਤੁਹਾਡੇ ਸੁਝਾਵਾਂ ਦਾ ਸੁਆਗਤ ਹੈ।

| ਤਿਲੰਗ ਮਹਲਾ ੫ ।। ਘਰੁ ੨ | **Tilang 5th Guru.** | ਤਿਲੰਗ ਪੰਜਵੀਂ ਪਾਤਿਸ਼ਾਹੀ। |
|---|---|---|
| ਤੁਧੁ ਬਿਨੁ ਦੂਜਾ ਨਾਹੀ ਕੋਇ ।। | Without Thee, there is not any other. | ਤੇਰੇ ਬਾਝੋਂ ਹੋਰ ਕੋਈ ਨਹੀਂ। |
| ਤੂ ਕਰਤਾਰੁ ਕਰਹਿ ਸੋ ਹੋਇ ।। | Thou art the Creator, what Thou doest, that alone happens. | ਤੂੰ ਸਿਰਜਨਹਾਰ ਹੈਂ, ਜੋ ਤੂੰ ਕਰਦਾ ਹੈਂ, ਕੇਵਲ ਓਹੀ ਹੁੰਦਾ ਹੈ। |
| ਤੇਰਾ ਜੋਰੁ ਤੇਰੀ ਮਨਿ ਟੇਕ ।। | Thine is the might, and Thine the support within my mind. | ਤੇਰੀ ਹੀ ਸਤਿਆ ਅਤੇ ਤੇਰਾ ਹੀ ਆਸਰਾ ਮੇਰੇ ਚਿਤ ਅਦਰ ਹੈ। |
| ਸਦਾ ਸਦਾ ਜਪਿ ਨਾਨਕ ਏਕ ।।੧।। | Ever, ever, dwell thou on the one Lord, O Nanak. | ਹਮੇਸ਼ਾ, ਹਮੇਸ਼ਾ, ਤੂੰ ਹੇ ਨਾਨਕ ਇਕ ਸਾਂਈਂ ਦਾ ਸਿਮਰਨ ਕਰ। |
| ਸਭ ਊਪਰਿ ਪਾਰਬ੍ਰਹਮੁ ਦਾਤਾਰੁ ।। | Over all is the Beneficent supreme Lord. | ਸਾਰਿਆਂ ਦੇ ਉਤੇ ਦਾਤਾ ਸ਼੍ਰੋਮਣੀ ਸਾਹਿਬ ਹੈ। |
| ਤੇਰੀ ਟੇਕ ਤੇਰਾ ਆਧਾਰੁ ।। | Thou, O Lord art my support and Thou the mainstay. | ਤੂੰ, ਹੇ ਸਾਂਈਂ ਮੇਰਾ ਆਸਰਾ ਹੈਂ ਅਤੇ ਤੂੰ ਹੀ ਮੇਰੀ ਓਟ। |
| ਰਹਾਉ ।। | Pause. | ਠਹਿਰਾਉ। |
| ਹੈ ਤੂ ਹੈ ਤੂ ਹੋਵਨਹਾਰ ।। ਅਗਮ ਅਗਾਧਿ ਊਚ ਆਪਾਰ ।। | Thou wert, Thou art and shalt be, O Inaccessible, Incomprehensible, Lofty and Infinite Lord. | ਤੂੰ ਸੀ, ਤੂੰ ਹੈ ਅਤੇ ਹੋਵੇਂਗਾ। ਹੇ ਪਹੁੰਚ ਤੋਂ ਪਰੇ, ਅਲੱਖ, ਬੁਲੰਦ ਅਤੇ ਬਅੰਤ ਸੁਆਮੀ। |
| ਜੋ ਤੁਧੁ ਸੇਵਹਿ ਤਿਨ ਭਉ ਦੁਖੁ ਨਾਹਿ ।। | They who serve Thee; them no dread and distress overtake. | ਜੋ ਤੇਰੀ ਟਹਿਲ ਕਮਾਉਂਦੇ ਹਨ, ਉਨ੍ਹਾਂ ਨੂੰ ਕੋਈ ਡਰ ਅਤੇ ਦੁਖੜਾ ਨਹੀਂ ਵਿਆਪਦੇ। |
| ਗੁਰ ਪਰਸਾਦਿ ਨਾਨਕ ਗੁਣ ਗਾਹਿ ।।੨।। | By Guru's grace, sing they the Lord's praise, O Nanak. | ਗੁਰਾਂ ਦੀ ਦਇਆ ਦੁਆਰਾ, ਉਹ ਸੁਆਮੀ ਦਾ ਜੱਸ ਗਾਇਨ ਕਰਦੇ ਹਨ, ਹੇ ਨਾਨਕ ! |
| ਜੋ ਦੀਸੈ ਸੋ ਤੇਰਾ ਰੂਪੁ ।। ਗੁਣ ਨਿਧਾਨ ਗੋਵਿੰਦ ਅਨੂਪ ।। | That what seems is Thine manifestation, O my Beautiful Lord, the Treasure of merit and the Master of universe. | ਜੋ ਕੁਛ ਦਿਸ ਆਉਂਦਾ ਹੈ ਤੇਰਾ ਹੀ ਜ਼ਹੂਰ ਹੈ, ਨੇਕੀਆਂ ਦੇ ਖ਼ਜ਼ਾਨੇ ਅਤੇ ਆਲਮ ਦੇ ਮਾਲਕ, ਸੁੰਦਰ ਸੁਆਮੀ। |
| ਸਿਮਰਿ ਸਿਮਰਿ ਸਿਮਰਿ ਜਨ ਸੋਇ ।। | Remembering, remembering, remembering the Lord, His slave becomes like Him. | ਸੁਆਮੀ ਦਾ ਆਰਾਧਨ, ਆਰਾਧਨ, ਆਰਾਧਨ ਕਰਨ ਦੁਆਰਾ, ਉਸ ਦਾ ਗੋਲਾ ਉਸ ਦੇ ਵਰਗਾ ਹੋ ਜਾਂਦਾ ਹੈ। |
| ਨਾਨਕ ਕਰਮਿ ਪਰਾਪਤਿ ਹੋਇ ।।੩।। | By His own grace the Lord is obtained, O Nanak. | ਉਸ ਦੀ ਆਪਣੀ ਮਿਹਰ ਦੁਆਰਾ ਸਾਹਿਬ ਪਾਇਆ ਜਾਂਦਾ ਹੈ, ਹੇ ਨਾਨਕ ! |
| ਜਿਨਿ ਜਪਿਆ ਤਿਸ ਕਉ ਬਲਿਹਾਰ ।। | He who meditates on the Lord, unto Him I am a sacrifice. | ਜੋ ਸਾਹਿਬ ਦਾ ਸਿਮਰਨ ਕਰਦਾ ਹੈ, ਉਸ ਉਤੋਂ ਮੈਂ ਘੋਲੀ ਵੰਞਦਾ ਹਾਂ। |
| ਤਿਸ ਕੈ ਸੰਗਿ ਤਰੈ ਸੰਸਾਰ ।। | In his company, the world is saved. | ਉਸ ਦੀ ਸੰਗਤ ਅੰਦਰ ਜਗਤ ਪਾਰ ਉਤਰ ਜਾਂਦਾ ਹੈ। |
| ਕਹੁ ਨਾਨਕ ਪ੍ਰਭ ਲੋਚਾ ਪੂਰਿ ।। | Says Nanak the Lord is the fulfiller of aspirations. | ਗੁਰੂ ਜੀ ਆਖਦੇ ਹਨ, ਸੁਆਮੀ ਕਾਮਨਾਂ ਪੂਰੀਆਂ ਕਰਨਹਾਰ ਹੈ। |
| ਸੰਤ ਜਨਾ ਕੀ ਬਾਛਉ ਧੂਰਿ ।।੪।।੨।। | I long for the dust of the pious persons feet. | ਮੈਂ ਪਵਿਤਰ ਪੁਰਸ਼ਾਂ ਦੇ ਪੈਰਾਂ ਦੀ ਧੂੜ ਦੀ ਚਾਹਨਾ ਕਰਦਾ ਹਾਂ। |